Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 15-02-2025 • Vol.43 No.07 • Ph. : 0175-2214575, 90410-14575 • Page : 16 • E-mail : khetiduniyan1983@gmail.com

ਅੰਦਰ ਪੜ੍ਹੋ


ਹਾੜੀ ਦੀਆਂ ਫਸਲਾਂ ਦੇ ਮੁੱਖ ਕੀੜਿਆਂ ਦੀ ਰੋਕਥਾਮ


ਬਾਗਬਾਨੀ ਨਾਲ ਜੁੜੇ ਕਈ ਧੰਦਿਆਂ 'ਚ ਮਿਲ ਰਹੀ ਹੈ ਕਿਸਾਨਾਂ ਨੂੰ ਸਬਸਿਡੀ


ਨੂਰਪੁਰਾ ਹਕੀਮਾਂ ਦੀ ਗਊ ਨੇ ਮੁੜ 88 ਕਿਲੋ ਦੁੱਧ ਦਿੰਦਿਆਂ ਤੋੜਿਆ ਰਿਕਾਰਡ

ਡੇਅਰੀ ਕਿੱਤੇ ਵਿੱਚ ਸਾਂਝਾਂ ਬਿਖੇਰਦਾ ਕੌਮਾਂਤਰੀ ਪੀ.ਡੀ.ਐਫ.ਏ. ਐਕਸਪੋ ਹੋਇਆ ਖ਼ਤਮ

ਬਰੀਡ ਮੁਕਾਬਲੇ 'ਚ ਕੁਲਬੀਰ ਸਿੰਘ ਦੀ ਗਾਂ ਰਹੀ ਜੇਤੂ

# ਫਰਵਰੀ ਵਿੱਚ ਗਰਮੀ ਵਧਣ ਨਾਲ ਕਣਕ ਦਾ ਝਾੜ ਘਟਣ ਦੇ ਆਸਾਰ

ਪੰਜਾਬ ਵਿੱਚ ਅਚਾਨਕ ਪੈਣ ਲੱਗੀ ਗਰਮੀ ਤੋਂ ਅੰਨਦਾਤਾ ਘਬਰਾ ਗਿਆ ਹੈ। ਫਰਵਰੀ ਮਹੀਨੇ ਦੇ ਅੱਧ ਤੋਂ ਪਹਿਲਾਂ ਮੌਸਮ ਦੇ ਬਦਲੇ ਮਿਜ਼ਾਜ ਨਾਲ ਪਾਰਾ 22 ਡਿਗਰੀ ਸੈਲਸੀਅਸ ਤੋਂ ਪਾਰ ਹੋਣ ਨਾਲ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦਾ ਝਾੜ ਘੱਟ ਹੋਣ ਦੇ ਆਸਾਰ ਬਣਦੇ ਨਜ਼ਰ ਆਉਣ ਲੱਗੇ ਹਨ। ਫਰਵਰੀ ਦੇ ਪਹਿਲੇ ਹਫਤੇ ਦੀ ਕਰੜੀ ਧੁੱਪ ਪੈਣ ਨਾਲ ਦਿਨ ਦਾ ਪਾਰਾ ਲਗਾਤਾਰ ਵਧਣ ਲੱਗਾ ਹੈ। ਮੌਸਮ ਵਿਭਾਗ ਅਨੁਸਾਰ ਫਰਵਰੀ ਦੇ ਅੱਧ ਤੋਂ ਬਾਅਦ ਪਾਰਾ 24 ਤੋਂ 25 ਡਿਗਰੀ ਸੈਲਸੀਅਸ ਤੱਕ ਰਹਿਣ ਦੇ ਆਸਾਰ ਹਨ, ਜੋ ਜੋਬਨ ਰੁੱਤੇ ਪੁੱਜਣ ਵਾਲੀ ਕਣਕ ਦੀ ਫ਼ਸਲ ਅਤੇ ਹੋਰ ਫਲੀਦਾਰ ਫ਼ਸਲਾਂ ਸਰ੍ਹੋਂ ਆਦਿ ਲਈ ਖਤਰਨਾਕ ਸਾਬਤ ਹੋ ਸਕਦਾ ਹੈ। ਖੇਤੀ ਮਾਹਿਰਾਂ ਮੁਤਾਬਿਕ ਕਣਕ ਦੇ ਨਿਸਾਰ ਮੌਕੇ ਪਾਰਾ ਵਧਣ ਨਾਲ ਪੈਦਾ ਹੋਈ ਗਰਮੀ ਨਾਲ ਦਾਣੇ ਕਾਫੀ ਕਮਜ਼ੋਰ ਹੋ ਜਾਂਦੇ ਹਨ, ਜਿਸ ਨਾਲ ਕਣਕ ਦਾ ਔਸਤਨ ਝਾੜ 2 ਤੋਂ 4 ਕੁਇੰਟਲ ਘੱਟ ਸਕਦਾ ਹੈ। ਖੇਤੀ ਮਾਹਿਰਾਂ ਮੁਤਾਬਿਕ ਕਿਸਾਨਾਂ ਨੂੰ ਕਣਕ ਦੀ ਫ਼ਸਲ ਨੂੰ ਵਧੇਰੇ ਪਾਣੀ ਦੇਣ ਦੀ ਲੋੜ ਹੈ, ਜਿਸ ਨਾਲ ਫ਼ਸਲ ਨੂੰ ਦਿਨ ਵੇਲੇ ਵੱਧ ਰਹੀ ਗਰਮੀ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਕਣਕ ਦੀ ਫ਼ਸਲ ਦੇ ਖੇਤ ਅੰਦਰ ਵੱਧ ਤੋਂ ਵੱਧ ਸਮਾਂ ਨਮੀ ਰੱਖਣ ਦੀ ਅਪੀਲ ਕੀਤੀ।




ਖੇਤੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨੇ ਇਸ ਗਰਮੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਸਾਨਾਂ ਨੂੰ ਤੁਰੰਤ ਕਣਕ ਸਮੇਤ ਹੋਰ ਹਾੜ੍ਹੀ ਦੀਆਂ ਫ਼ਸਲਾਂ ਨੂੰ ਪਾਣੀ ਦੇਣ ਦੀ ਸਲਾਹ ਦਿੱਤੀ ਹੈ। ਖੇਤੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਪਹਿਲਾਂ ਮੌਸਮ ਵਿੱਚ ਖੁਸ਼ਕੀ ਅਤੇ ਹੁਣ ਇਕਦਮ ਪੈਣ ਲੱਗੀ ਗਰਮੀ ਦਾ ਕਿਸਾਨਾਂ ਨੂੰ ਟਾਕਰਾ ਕਰਨ ਦੀ ਜ਼ਰੂਰਤ ਹੈ ਅਤੇ ਫ਼ਸਲਾਂ ਨੂੰ ਪਾਣੀ ਦੇਣ ਤੋਂ ਬਿਲਕੁਲ ਸੁਸਤੀ ਨਹੀਂ ਵਰਤਣੀ ਚਾਹੀਦੀ। ਕਣਕ ਸਮੇਤ ਸਰ੍ਹੋਂ, ਛੋਲਿਆਂ ਦੀ ਫ਼ਸਲ ਨੂੰ ਹੁਣ ਪਾਣੀ ਦੀ ਲੋੜ ਮਹਿਸੂਸ ਹੋਣ ਲੱਗ ਪਈ ਹੈ, ਜਿਸ ਕਰਕੇ ਉਨ੍ਹਾਂ ਨੂੰ ਪਾਣੀ ਦੇਣ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਨਹੀਂ ਕਰਨੀ ਚਾਹੀਦੀ।

## ਅਣਦੇਖਾ ਨਾ ਕਰੋ ਸਰ੍ਹੋਂ ਦੇ ਚੇਪੇ ਦਾ ਹਮਲਾ

★ ਸਰ੍ਹੋਂ ਦਾ ਚੇਪਾ ਸਰ੍ਹੋਂ ਦੀ ਫਸਲ ਦਾ ਇੱਕ ਪ੍ਰਮੁੱਖ ਕੀੜਾ ਹੈ। ਇਨ੍ਹਾਂ ਦਿਨਾਂ ਦਾ ਮੌਸਮ ਚੇਪੇ ਦੇ ਵਧਣ ਲਈ ਢੁੱਕਵਾਂ ਹੈ। ★ ਜੇਕਰ ਇਸਦੀ ਸਮੇਂ ਸਿਰ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਪੂਰੀ ਫਸਲ ਨੂੰ ਤਬਾਹ ਕਰ ਸਕਦਾ ਹੈ। ਇਸਦੇ ਬੱਚੇ ਅਤੇ ਬਾਲਗ ਦੋਵੇਂ ਹੀ ਬੂਟਿਆਂ ਦੀ ਸ਼ਾਖਾਵਾਂ, ਡੋਡੀਆਂ, ਫੁੱਲਾਂ, ਫਲੀਆਂ ਅਤੇ ਪੱਤਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ। ਸਿੱਟੇ ਵਜੋਂ ਪੱਤੇ ਪੀਲੇ ਪੈ ਜਾਂਦੇ ਹਨ, ਫੁੱਲਾਂ ਅਤੇ ਫਲੀਆਂ ਮੁਰਝਾਅ ਜਾਂਦੀਆਂ ਹਨ ਅਤੇ ਉਨ੍ਹਾਂ ਵਿਚ ਦਾਣੇ ਪੂਰੀ ਤਰ੍ਹਾਂ ਨਹੀਂ ਬਣਦੇ ਅਤੇ ਝਾੜ ਤੇ ਮਾੜਾ ਪ੍ਰਭਾਵ ਪੈਂਦਾ ਹੈ। ਜੇਕਰ ਇਸਦੀ ਵੇਲੇ ਸਿਰ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਪੂਰੀ ਫਸਲ ਨੂੰ ਬਰਬਾਦ ਕਰ ਸਕਦਾ ਹੈ। ★ ਸਰ੍ਹੋਂ ਦੇ ਚੇਪੇ ਦੀ ਸੁਚੱਜੀ ਰੋਕਥਾਮ ਲਈ ਖੇਤ ਦਾ ਨਿਰੰਤਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਰੋਕਥਾਮ ਸਬੰਧੀ ਕੋਈ ਵੀ ਫੈਸਲਾ ਫਸਲ ਤੇ ਚੇਪੇ ਦੀ ਗਿਣਤੀ ਦੇ ਆਧਾਰ ਤੇ ਹੀ ਕਰਨਾ ਚਾਹੀਦਾ ਹੈ। ★ ਕਈ ਵਾਰ ਕੁਝ ਕਿਸਾਨ ਵੀਰ ਚੇਪੇ ਦਾ ਛੋਟਾ ਆਕਾਰ ਹੋਣ ਕਾਰਣ ਇਸਦੀ ਗਿਣਤੀ ਕਰਨ ਵਿਚ ਸੰਕੋਚ ਕਰਦੇ ਹਨ। ਅਜਿਹੀ ਹਾਲਤ ਵਿਚ ਜੇਕਰ ਬੂਟੇ ਦੀ ਵਿਚਕਾਰਲੀ ਸ਼ਾਖ ਦਾ ਉੱਪਰਲਾ 0.5 ਤੋਂ 1.0 ਸੈਂਟੀਮੀਟਰ ਹਿੱਸਾ ਪੂਰੇ ਦਾ ਪੂਰਾ ਨਾਲ ਢੱਕਿਆ ਹੋਵੇ ਤਾਂ ਰੋਕਥਾਮ ਦੇ ਉਪਰਾਲੇ ਕਰਨੇ ਚਾਹੀਦੇ ਹਨ। ਚੇਪੇ ਦੀ ਰੋਕਥਾਮ ਲਈ ਫਸਲ ਤੇ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) 40 ਗ੍ਰਾਮ ਜਾਂ ਰੋਗਰ 30 ਈ ਸੀ (ਡਾਈਮੈਥੋਏਟ) 400 ਮਿਲੀਲਿਟਰ ਜਾਂ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) 600 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਜੇਕਰ 15 ਦਿਨਾਂ ਬਾਅਦ ਫੇਰ ਛਿੜਕਾਅ ਕਰਨਾ ਪਵੇ ਤਾਂ ਦਵਾਈ ਬਦਲ ਕੇ ਛਿੜਕਾਅ ਕਰਨਾ ਚਾਹੀਦਾ ਹੈ ਅਤੇ ਬਾਰ-ਬਾਰ ਇਕ ਹੀ ਦਵਾਈ ਦੇ ਛਿੜਕਾਅ ਤੋਂ ਸੰਕੋਚ ਕਰਨਾ ਚਾਹੀਦਾ ਹੈ। ਛਿੜਕਾਅ ਹਮੇਸ਼ਾ ਸ਼ਾਮ ਨੂੰ ਹੀ ਕਰਨਾ ਚਾਹੀਦਾ ਹੈ ਕਿਉਂਕਿ ਇਸ ਵੇਲੇ ਮਧੂਮੱਖੀਆਂ ਅਤੇ ਹੋਰ ਪਰ ਪਰਾਗਣ ਕਰਨ ਵਾਲੇ ਕੀੜੇ ਘੱਟ ਹਰਕਤ ਵਿੱਚ ਹੁੰਦੇ ਹਨ।








ਬਜਟ ਭਾਸ਼ਣ ਵਿਚ ਕਾਨੂੰਨੀ ਗਾਰੰਟੀ ਤਾਂ ਛੱਡੋ, ਐੱਮ. ਐੱਸ. ਪੀ. ਦਾ ਕੋਈ ਜ਼ਿਕਰ ਵੀ ਨਹੀਂ ਸੀ। ਵਿੱਤ ਮੰਤਰੀ ਨੇ ਸਿਰਫ ਤਿੰਨ ਦਾਲਾਂ-ਅਰਹਰ, ਮਸਰ ਅਤੇ ਮਾਂਹ-ਦੀ ਸਰਕਾਰੀ ਖਰੀਦ ਦਾ ਵਾਅਦਾ ਕੀਤਾ ਅਤੇ ਉਹ ਵੀ ਕਿਸਾਨ ਨੂੰ ਸਹੀ ਕੀਮਤ ਮਿਲਣ ਲਈ ਨਹੀਂ, ਸਗੋਂ ਇਸ ਲਈ ਕਿਉਂਕਿ ਇਨ੍ਹਾਂ ਫਸਲਾਂ ਨੂੰ ਵਿਦੇਸ਼ਾਂ ਤੋਂ ਦਰਾਮਦ ਕਰਨਾ ਪੈਂਦਾ ਹੈ। ਫਸਲ ਖਰੀਦ ਯੋਜਨਾ 'ਆਸ਼ਾ' ਦਾ ਬਜਟ ਉਹੀ ਰਹਿੰਦਾ ਹੈ। ਬਾਕੀ ਫਸਲਾਂ ਖਰੀਦਣ ਜਾਂ ਕਿਸਾਨਾਂ ਲਈ ਸਹੀ ਕੀਮਤ ਦੀ ਕੋਈ ਚਿੰਤਾ ਹੀ ਦਿਖਾਈ ਨਹੀਂ ਦਿੱਤੀ, ਜਦੋਂ ਕਿ ਇਸ ਸਾਲ ਚੰਗੇ ਮਾਨਸੂਨ ਕਾਰਨ ਵਧੇਰੇ ਉਤਪਾਦਨ ਅਤੇ ਕੀਮਤਾਂ ਵਿਚ ਗਿਰਾਵਟ ਦਾ ਖਦਸ਼ਾ ਹੈ।



# ਬਿਨਾਂ ਈਂਧਨ ਕਿਵੇਂ ਚੱਲੇਗਾ ਖੇਤੀਬਾੜੀ ਦਾ ਇੰਜਣ



ਯੋਗੇਂਦਰ ਯਾਦਵ

ਇਸ ਸਾਲ ਦਾ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਖੇਤੀਬਾੜੀ ਨੂੰ ਅਰਥਵਿਵਸਥਾ ਦਾ ਪਹਿਲਾ ਇੰਜਣ ਦੱਸਿਆ, ਜਿਸ ਨੇ ਕਿਸਾਨਾਂ ਦੀਆਂ ਉਮੀਦਾਂ ਨੂੰ ਜਗਾਇਆ। ਇਸ ਸਾਲ ਦੇ ਆਰਥਿਕ ਸਰਵੇਖਣ ਵਿਚ ਵਿਚ ਅਰਥਵਿਵਸਥਾ ਦੇ ਹੋਰ ਖੇਤਰਾਂ ਦੇ ਮੁਕਾਬਲੇ ਖੇਤੀਬਾੜੀ ਖੇਤਰ ਵਿਚ ਤੇਜ਼ ਵਿਕਾਸ ਦਾ ਅਨੁਮਾਨ ਲਗਾਇਆ ਗਿਆ ਹੈ। ਕੋਰੋਨਾ ਮਹਾਮਾਰੀ ਤੋਂ ਬਾਅਦ, ਦੇਸ਼ ਵਿਚ ਖੇਤੀਬਾੜੀ 'ਤੇ ਨਿਰਭਰ ਆਬਾਦੀ ਪਹਿਲਾਂ ਦੇ ਮੁਕਾਬਲੇ ਵਧੀ ਹੈ ਪਰ ਬਜਟ ਦੇ ਅੰਕੜਿਆਂ ਨੂੰ ਦੇਖਣ ਤੋਂ ਬਾਅਦ, ਅਜਿਹਾ ਲੱਗਦਾ ਹੈ ਕਿ ਸਰਕਾਰ ਉਮੀਦ ਕਰਦੀ ਹੈ ਕਿ ਇਹ ਇੰਜਣ ਬਿਨਾਂ ਈਂਧਨ ਦੇ ਆਪਣੇ ਆਪ ਚੱਲੇਗਾ।



ਇਸ ਬਜਟ ਨਾਲ ਕਿਸਾਨਾਂ ਦੀਆਂ ਚਾਰ ਮੁੱਖ ਉਮੀਦਾਂ ਨਵੰਬਰ ਵਿਚ ਪੇਸ਼ ਕੀਤੀ ਗਈ ਸੰਸਦੀ ਕਮੇਟੀ ਦੀ ਰਿਪੋਰਟ ਵਿਚ ਦਰਜ ਕੀਤੀਆਂ ਗਈਆਂ ਸਨ। ਪਹਿਲੀ, ਕਿਸਾਨਾਂ ਨੂੰ ਉਨ੍ਹਾਂ ਫਸਲਾਂ ਉਚਿਤ ਮੁੱਲ ਯਕੀਨੀ ਬਣਾਉਣ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਣੀ ਚਾਹੀਦੀ ਹੈ। ਦੂਜੀ, ਕਿਸਾਨਾਂ ਨੂੰ ਵਧਦੇ ਕਰਜ਼ੇ ਤੋਂ ਮੁਕਤ ਕਰਨ ਲਈ ਇਕ ਯੋਜਨਾ ਬਣਾਈ ਜਾਣੀ ਚਾਹੀਦੀ ਹੈ। ਤੀਜੀ, 6000 ਰੁਪਏ ਸਾਲਾਨਾ ਦੀ ਕਿਸਾਨ ਸਨਮਾਨ ਨਿਧੀ ਨੂੰ ਮਹਿੰਗਾਈ ਦੇ ਹਿਸਾਬ ਨਾਲ ਵਧਾਇਆ ਜਾਣਾ ਚਾਹੀਦਾ ਹੈ। ਚੌਥੀ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ।

ਦੁੱਖ ਦੀ ਗੱਲ ਹੈ ਕਿ ਵਿੱਤ ਮੰਤਰੀ ਨੇ ਇਸ ਬਜਟ ਵਿਚ ਕਿਸਾਨਾਂ ਦੀਆਂ ਇਨ੍ਹਾਂ ਚਾਰਾਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਬਜਟ ਭਾਸ਼ਣ ਵਿਚ ਕਾਨੂੰਨੀ ਗਾਰੰਟੀ ਤਾਂ ਛੱਡੋ, ਐੱਮ. ਐੱਸ. ਪੀ. ਦਾ ਕੋਈ ਜ਼ਿਕਰ ਵੀ ਨਹੀਂ ਸੀ। ਵਿੱਤ ਮੰਤਰੀ ਨੇ ਸਿਰਫ ਤਿੰਨ ਦਾਲਾਂ-ਅਰਹਰ, ਮਸਰ ਅਤੇ ਮਾਂਹ-ਦੀ ਸਰਕਾਰੀ ਖਰੀਦ ਦਾ ਵਾਅਦਾ ਕੀਤਾ ਅਤੇ ਉਹ ਵੀ ਕਿਸਾਨ ਨੂੰ ਸਹੀ ਕੀਮਤ ਮਿਲਣ ਲਈ ਨਹੀਂ, ਸਗੋਂ ਇਸ ਲਈ ਕਿਉਂਕਿ ਇਨ੍ਹਾਂ ਫਸਲਾਂ ਨੂੰ ਵਿਦੇਸ਼ਾਂ ਤੋਂ ਦਰਾਮਦ ਕਰਨਾ ਪੈਂਦਾ ਹੈ। ਫਸਲ ਖਰੀਦ ਯੋਜਨਾ 'ਆਸ਼ਾ' ਦਾ ਬਜਟ ਉਹੀ ਰਹਿੰਦਾ ਹੈ। ਬਾਕੀ ਫਸਲਾਂ ਖਰੀਦਣ ਜਾਂ ਕਿਸਾਨਾਂ ਲਈ ਸਹੀ ਕੀਮਤ ਦੀ ਕੋਈ ਚਿੰਤਾ ਹੀ ਦਿਖਾਈ ਨਹੀਂ ਦਿੱਤੀ, ਜਦੋਂ ਕਿ ਇਸ ਸਾਲ ਚੰਗੇ ਮਾਨਸੂਨ ਕਾਰਨ ਵਧੇਰੇ ਉਤਪਾਦਨ ਅਤੇ ਕੀਮਤਾਂ ਵਿਚ ਗਿਰਾਵਟ ਦਾ ਖਦਸ਼ਾ ਹੈ।

ਸਰਕਾਰ ਅਨੁਸਾਰ ਦੇਸ਼ ਦੇ ਹਰ ਕਿਸਾਨ ਪਰਿਵਾਰ 'ਤੇ 92,000 ਰੁਪਏ ਤੋਂ ਵੱਧ ਦਾ ਕਰਜ਼ਾ ਪਰਿਵਾਰ ਹੈ। ਜਿਸ ਸਰਕਾਰ ਨੇ ਪਿਛਲੇ 10 ਸਾਲਾਂ ਵਿਚ ਕਾਰਪੋਰੇਟਾਂ ਲਈ ਹਰ ਰੋਜ਼ ਨਵੀਆਂ ਯੋਜਨਾਵਾਂ ਸ਼ੁਰੂ ਕਰਕੇ 14 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਹਨ, ਉਸ ਨੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਵਿਚ ਕੋਈ ਚਿੰਤਾ ਨਹੀਂ ਦਿਖਾਈ। ਹਾਂ, ਕਿਸਾਨ ਕ੍ਰੈਡਿਟ ਕਾਰਡ 'ਤੇ ਕਰਜ਼ੇ ਦੀ ਸੀਮਾ 3 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿੱਤੀ ਗਈ ਹੈ ਪਰ ਇਸ ਐਲਾਨ ਪਿੱਛੇ ਕੋਈ ਈਮਾਨਦਾਰੀ ਨਹੀਂ ਸੀ ਕਿਉਂਕਿ ਖੇਤੀਬਾੜੀ ਕਰਜ਼ੇ ਲਈ ਬਜਟ ਵਿਚ ਨਿਰਧਾਰਤ ਸਬਸਿਡੀ ਦੀ ਕੁੱਲ ਰਕਮ ਉਹੀ ਰਹੀ।

ਸਾਰੇ ਚਰਚਿਆਂ ਦੇ ਬਾਵਜੂਦ, 6 ਸਾਲ ਪਹਿਲਾਂ ਕਿਸਾਨਾਂ ਲਈ ਨਿਰਧਾਰਤ ਸਾਲਾਨਾ ਕਿਸਾਨ ਸਨਮਾਨ ਨਿਧੀ ਵਿਚ ਇਸ ਸਾਲ ਵੀ ਕੋਈ ਵਾਧਾ ਨਹੀਂ ਕੀਤਾ ਗਿਆ। ਇਸ ਦੌਰਾਨ, ਕਿਸਾਨ ਦੀ ਖੇਤੀ ਦੀ ਲਾਗਤ ਅਤੇ ਘਰੇਲੂ ਖਰਚੇ ਡੇਢ ਗੁਣਾ ਵਧ ਗਏ ਹਨ ਅਤੇ ਹੁਣ ਉਸ 6,000 ਰੁਪਏ ਦੀ ਅਸਲ ਕੀਮਤ ਘਟ ਕੇ 4000 ਰੁਪਏ ਦੇ ਬਰਾਬਰ ਰਹਿ ਗਈ ਹੈ।

ਇੰਝ ਲੱਗਦਾ ਹੈ ਕਿ ਸਰਕਾਰ ਇਸ 'ਚ ਆਮ ਵਾਧੇ ਲਈ ਵੀ ਕਿਸੇ ਚੋਣ ਦੀ ਉਡੀਕ ਕਰ ਰਹੀ ਹੈ। ਜਿੱਥੋਂ ਤੱਕ ਫਸਲ ਬੀਮੇ ਦਾ ਸਵਾਲ ਹੈ, ਵਿੱਤ ਮੰਤਰੀ ਨੇ ਇਸ ਦਾ ਵਿਸਥਾਰ ਕਰਨ ਦੀ ਥਾਂ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ 'ਤੇ ਸਰਕਾਰੀ ਖਰਚ ਪਿਛਲੇ ਸਾਲ ਦੇ 15,864 ਕਰੋੜ ਰੁਪਏ ਤੋਂ ਘਟਾ ਕੇ 12,242 ਕਰੋੜ ਰੁਪਏ ਕਰ ਦਿੱਤਾ ਹੈ।

ਖੇਤੀਬਾੜੀ ਅਤੇ ਕਿਸਾਨਾਂ ਪ੍ਰਤੀ ਇਸ ਉਦਾਸੀਨਤਾ ਦਾ ਨਤੀਜਾ ਇਹ ਹੈ ਕਿ ਇਸ ਇੰਜਣ ਵਿਚ ਈਂਧਨ ਹਰ ਸਾਲ ਖਤਮ ਹੁੰਦਾ ਜਾ ਰਿਹਾ ਹੈ। 2019 ਦੇ ਬਜਟ ਵਿਚ ਕਿਸਾਨ ਸਨਮਾਨ ਨਿਧੀ ਦੇ ਐਲਾਨ ਤੋਂ ਬਾਅਦ, ਪਹਿਲੀ ਵਾਰ ਕੇਂਦਰ 5 ਫੀਸਦੀ ਤੋਂ ਵੱਧ ਹੋਇਆ ਸੀ, ਉਦੋਂ ਤੋਂ ਹੀ ਇਹ ਅਨੁਪਾਤ ਹਰ ਬਜਟ ਵਿਚ ਘਟਦਾ ਜਾ ਰਿਹਾ ਹੈ-2020 ਵਿਚ 4.83 ਫੀਸਦੀ, 2021 ਵਿਚ 4.05 ਫੀਸਦੀ, 2022 ਵਿਚ 3.06 ਫੀਸਦੀ, 2023 ਵਿਚ 3.08 ਫੀਸਦੀ, 2024 ਵਿਚ 3.09 ਫੀਸਦੀ, ਅਤੇ ਇਸ ਸਾਲ ਇਹ 3.06 ਫੀਸਦੀ ਰਹਿ ਗਿਆ ਹੈ।

ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕੇਂਦਰ ਸਰਕਾਰ ਦੇ ਖਰਚੇ ਵਿਚ 2,40,000 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਪਰ ਇਸ ਵਾਧੇ ਵਿਚ ਖੇਤੀਬਾੜੀ ਦਾ ਹਿੱਸਾ ਸਿਰਫ 4,000 ਕਰੋੜ ਰੁਪਏ ਰਿਹਾ। ਖੇਤੀਬਾੜੀ ਦੇ ਤਹਿਤ ਜਾਂ ਉਸ ਨਾਲ ਸਬੰਧਤ ਸਾਰੇ ਖਰਚੇ ਜਾਂ ਤਾਂ ਉਹੀ ਰਹੇ ਹਨ ਜਾਂ ਘਟ ਗਏ ਹਨ। ਮਿਸਾਲ ਵਜੋਂ, ਖਾਦਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਘਟਾ ਦਿੱਤੀ ਗਈ ਹੈ।

ਭਾਵੇਂ ਸਰਕਾਰ ਦੇ ਆਰਥਿਕ ਸਰਵੇਖਣ ਵਿਚ ਮਨਰੇਗਾ ਸਕੀਮ ਦੀ ਤੁਲਨਾ ਪੇਂਡੂ ਭਾਰਤ ਲਈ ਇਕ 'ਜੀਵਨ ਰੇਖਾ' ਨਾਲ ਕੀਤੀ ਗਈ ਹੈ, ਪਰ ਇਸ ਸਕੀਮ ਦੀ ਬਜਟ ਰਕਮ 86,000 ਕਰੋੜ ਰੁਪਏ 'ਤੇ ਹੀ ਬਣੀ ਹੋਈ ਹੈ। ਇਸ ਲਈ ਨਹੀਂ ਕਿ ਇਸ ਯੋਜਨਾ ਦੀ ਮੰਗ ਰੁਕ ਗਈ ਹੈ, ਸਗੋਂ ਇਸ ਲਈ ਕਿਉਂਕਿ ਹਰ ਸਾਲ ਕੇਂਦਰ ਸਰਕਾਰ ਵਿੱਤੀ ਸਾਲ ਦੇ ਆਖਰੀ ਮਹੀਨਿਆਂ ਵਿਚ ਇਸ ਯੋਜਨਾ ਲਈ ਸੂਬਾ ਸਰਕਾਰਾਂ ਨੂੰ ਪੈਸਾ ਭੇਜਣਾ ਬੰਦ ਕਰ ਦਿੰਦੀ ਹੈ, ਤਾਂ ਕਿ ਪੈਸੇ ਦੀ ਘਾਟ ਕਾਰਨ ਸੂਬਾ ਸਰਕਾਰਾਂ ਥੱਕ ਕੇ ਸਥਾਨਕ ਪੱਧਰ 'ਤੇ ਕੰਮ ਰੋਕ ਦੇਣ। ਮਨਰੇਗਾ ਸਕੀਮ ਦਾ ਗਲਾ ਘੁੱਟਣ ਦੀ ਇਹ ਸਾਜ਼ਿਸ਼ ਇਸ ਸਾਲ ਵੀ ਜਾਰੀ ਰਹੀ।

ਹਰ ਸਾਲ ਵਾਂਗ ਇਸ ਸਾਲ ਵੀ ਵਿੱਤ ਮੰਤਰੀ ਨੇ ਖੇਤੀਬਾੜੀ ਲਈ ਨਵੀਆਂ ਯੋਜਨਾਵਾਂ ਦਾ ਐਲਾਨ ਕੀਤਾ। ਇਨ੍ਹਾਂ ਵਿਚੋਂ ਸੀ ਪ੍ਰਧਾਨ ਮੰਤਰੀ ਧਨ ਧਾਨਯ ਖੇਤੀਬਾੜੀ ਯੋਜਨਾ। ਇਸ ਦਾ ਉਦੇਸ਼ ਖੇਤੀਬਾੜੀ ਦੇ ਮਾਮਲੇ ਵਿਚ 100 ਸਭ ਤੋਂ ਪੱਛੜੇ ਜ਼ਿਲ੍ਹਿਆਂ ਵਿਚ ਖੇਤੀਬਾੜੀ ਨੂੰ ਮਜ਼ਬੂਤ ਕਰਨਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਨਾਲ 1.7 ਕਰੋੜ ਕਿਸਾਨਾਂ ਨੂੰ ਲਾਭ ਹੋਵੇਗਾ ਪਰ ਇਸ ਵੇਲੇ ਬਜਟ ਵਿਚ ਇਸ ਲਈ ਇਕ ਪੈਸਾ ਵੀ ਨਹੀਂ ਰੱਖਿਆ ਗਿਆ ਹੈ। ਦਾਲਾਂ, ਕਪਾਹ ਅਤੇ ਫਲਾਂ-ਸਬਜ਼ੀਆਂ ਦੀ ਕਾਸ਼ਤ ਨੂੰ ਬਿਹਤਰ ਬਣਾਉਣ ਲਈ ਕਈ ਰਾਸ਼ਟਰੀ ਮਿਸ਼ਨਾਂ ਦਾ ਐਲਾਨ ਕੀਤਾ ਗਿਆ ਸੀ, ਪਰ ਇਨ੍ਹਾਂ ਲਈ ਨਿਰਧਾਰਤ ਰਕਮ ਇੰਨੀ ਘੱਟ ਹੈ ਕਿ ਇਸ ਨਾਲ ਕੁਝ ਵੀ ਪ੍ਰਭਾਵਸ਼ਾਲੀ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਮਖਾਣਾ ਬੋਰਡ ਦੇ ਨਾਂ 'ਤੇ ਸਿਰਫ 100 ਕਰੋੜ ਰੁਪਏ ਦਿੱਤੇ ਗਏ ਹਨ।

ਸਾਲ-ਦਰ-ਸਾਲ ਦਾ ਤਜਰਬਾ ਇਹੀ ਦਰਸਾਉਂਦਾ ਹੈ ਕਿ ਅਜਿਹੇ ਐਲਾਨ ਅਕਸਰ ਕਾਗਜ਼ਾਂ 'ਤੇ ਹੀ ਰਹਿ ਜਾਂਦੇ ਹਨ। ਪੰਜ ਸਾਲ ਪਹਿਲਾਂ, ਬਜਟ ਵਿਚ ਬਹੁਤ ਧੂਮਧਾਮ ਨਾਲ ਐਲਾਨ ਕੀਤਾ ਗਿਆ ਸੀ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਸਰਕਾਰ ਐਗਰੀਇਨਫਰਾ ਫੰਡ ਤਹਿਤ ਖੇਤੀਬਾੜੀ ਵਿਚ 1 ਲੱਖ ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਹੁਣ, 5 ਸਾਲ ਪੂਰੇ ਹੋਣ ਤੋਂ ਬਾਅਦ, ਹੁਣ ਤੱਕ ਸਿਰਫ 37,000 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ, ਖਰਚ ਹੋਣਾ ਤਾਂ ਬਾਅਦ ਦੀ ਗੱਲ ਹੈ। ਵਿੱਤ ਮੰਤਰੀ ਨੇ ਇਸ ਵਾਰ ਇਸ ਦਾ ਜ਼ਿਕਰ ਨਹੀਂ ਕੀਤਾ, ਜਿਵੇਂ ਹੁਣ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ 'ਤੇ ਚੁੱਪ ਰਹਿੰਦੀ ਹੈ।

ਸਾਲ-ਦਰ-ਸਾਲ ਦਾ ਤਜਰਬਾ ਇਹੀ ਦਰਸਾਉਂਦਾ ਹੈ ਕਿ ਅਜਿਹੇ ਐਲਾਨ ਅਕਸਰ ਕਾਗਜ਼ਾਂ 'ਤੇ ਹੀ ਰਹਿ ਜਾਂਦੇ ਹਨ। ਪੰਜ ਸਾਲ ਪਹਿਲਾਂ, ਬਜਟ ਵਿਚ ਬਹੁਤ ਧੂਮਧਾਮ ਨਾਲ ਐਲਾਨ ਕੀਤਾ ਗਿਆ ਸੀ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਸਰਕਾਰ ਐਗਰੀਇਨਫਰਾ ਫੰਡ ਤਹਿਤ ਖੇਤੀਬਾੜੀ ਵਿਚ 1 ਲੱਖ ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਹੁਣ, 5 ਸਾਲ ਪੂਰੇ ਹੋਣ ਤੋਂ ਬਾਅਦ, ਹੁਣ ਤੱਕ ਸਿਰਫ 37,000 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ, ਖਰਚ ਹੋਣਾ ਤਾਂ ਬਾਅਦ ਦੀ ਗੱਲ ਹੈ।

ਪਿਛਲੇ ਸਾਲ ਬਜਟ ਵਿੱਚ, ਸਬਜ਼ੀਆਂ ਦੇ ਉਤਪਾਦਨ ਅਤੇ ਵਿਕਰੀ ਲਈ ਇਕ ਸਪਲਾਈ ਚੇਨ ਬਣਾਉਣ ਅਤੇ ਸਹਿਕਾਰਤਾ ਬਾਰੇ ਇਕ ਨਵੀਂ ਰਾਸ਼ਟਰੀ ਨੀਤੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਪਰ ਹੁਣ ਤੱਕ ਇਸ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਇਹ ਦਾਅਵਾ ਕੀਤਾ ਗਿਆ ਸੀ ਕਿ ਦੇਸ਼ ਦੇ ਜ਼ਮੀਨੀ ਰਿਕਾਰਡਾਂ ਦਾ ਕੰਪਿਊਟਰੀਕਰਨ ਕੀਤਾ ਜਾਵੇਗਾ, ਜਿਸ ਵਿਚ ਹੁਣ ਤੱਕ ਸਿਰਫ 9 ਫੀਸਦੀ ਕੰਮ ਹੀ ਹੋਇਆ ਹੈ। ਦੇਸ਼ ਵਿਚ 15,000 ਡਰੋਨ ਦੀਦੀ ਦਾ ਵਾਅਦਾ ਸੀ, ਹੁਣ ਤੱਕ ਇਹ ਅੰਕੜਾ 1,000 ਤੱਕ ਵੀ ਨਹੀਂ ਪੁੱਜ ਸਕਿਆ ਹੈ।

ਪਿਛਲੇ ਤਜਰਬੇ ਅਤੇ ਇਸ ਬਜਟ ਤੋਂ ਹੋਈ ਨਿਰਾਸ਼ਾ ਨੂੰ ਦੇਖਦੇ ਹੋਏ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਕਿਸਾਨ ਆਗੂਆਂ ਨੇ ਇਸ ਬਜਟ ਨੂੰ ਸਿਰਫ ਅੱਖਾਂ ਵਿਚ ਘੱਟਾ ਪਾਉਣ ਵਾਲਾ ਕਰਾਰ ਦਿੱਤਾ ਹੈ। ਕਿਸਾਨਾਂ ਦੇ ਦੇਸ਼ਵਿਆਪੀ ਮੰਚ, ਸੰਯੁਕਤ ਕਿਸਾਨ ਮੋਰਚਾ ਨੇ ਇਸ ਬਜਟ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਵੀ ਕੀਤਾ ਹੈ।

# ਹਾੜੀ ਦੀਆਂ ਫਸਲਾਂ ਦੇ ਮੁੱਖ ਕੀੜਿਆਂ ਦੀ ਰੋਕਥਾਮ



ਡਾ. ਡੀ. ਡੀ. ਨਾਰੰਗ
ਸਾਬਕਾ ਕੀਟ ਵਿਗਿਆਨੀ,
ਪੀ. ਏ. ਯੂ., ਲੁਧਿਆਣਾ
ਮੋ. 94647-20231

ਕਣਕ, ਛੋਲੇ, ਸਰ੍ਹੋਂ, ਰਾਇਆ, ਤੋਰੀਆ, ਕਮਾਦ, ਮਟਰ, ਬਰਸੀਮ ਆਦਿ ਹਾੜੀ ਦੀਆਂ ਮੁੱਖ ਫਸਲਾਂ ਹਨ । ਇਨ੍ਹਾਂ ਫਸਲਾਂ ਦੇ ਮੁੱਖ ਕੀੜਿਆਂ ਦੀ ਰੋਕਥਾਮ ਦੇ ਢੰਗ ਦਰਸਾਏ ਹਨ ।

## ਕਣਕ

**1. ਸਿਉਂਕ** : ਫਸਲ ਬੀਜਣ ਤੋਂ ਛੇਤੀ ਪਿੱਛੋਂ ਅਤੇ ਫਿਰ ਪੱਕਣ ਸਮੇਂ ਕਾਫੀ ਨੁਕਸਾਨ ਕਰਦੀ ਹੈ । ਇਸ ਦਾ ਹਮਲਾ ਬਾਰਾਨੀ ਫਸਲ ਉੱਤੇ ਜ਼ਿਆਦਾ ਹੁੰਦਾ ਹੈ ।

ਸਿਉਂਕ ਦੇ ਕਾਮੇ ਜੀਵ ਬੂਟੇ ਦੀਆਂ ਜੜ੍ਹਾਂ ਅਤੇ ਤਣੇ ਦੇ ਜ਼ਮੀਨ ਹੇਠਲੇ ਹਿੱਸੇ ਨੂੰ ਪਾਉਂਦੇ ਹਨ । ਹਮਲੇ ਵਾਲੇ ਬੂਟੇ ਮਰ



ਜਾਂਦੇ ਹਨ । ਜਿਸ ਕਾਰਨ ਝਾੜ ਘੱਟ ਜਾਂਦਾ ਹੈ ।

**ਰੋਕਥਾਮ** : ਬੀਜਣ ਤੋਂ ਪਹਿਲਾਂ ਬੀਜ ਨੂੰ ਇਕ ਗਰਮ ਕਰੂਜ਼ਰ 70 ਡਬਲਯੂ ਐਸ (ਥਾਇਆਮੀਥੋਕਸਮ) ਜਾਂ 4 ਮਿ. ਲਿ. ਡਰਸਬਾਨ/ਡਰਸੈਟ 20 ਈ ਸੀ (ਕਲੋਰੋਪਾਈਰੀਫਾਸ) ਨੂੰ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਸੁੱਕਾ ਲਵੋ ਅਤੇ ਬੀਜਾਈ ਕਰੋ ।

ਖੜੀ ਫਸਲ ਤੇ ਸਿਉਂਕ ਨੂੰ ਮਾਰਨ ਲਈ ਇਕ ਲਿਟਰ ਕਲੋਰੋਪਾਈਰੀਫਾਸ 20 ਈ ਸੀ ਨੂੰ 2 ਲੀਟਰ ਪਾਣੀ ਵਿਚ ਘੋਲ ਕੇ 20 ਕਿਲੋ ਰੇਤਾ ਵਿਚ ਮਿਲਾ ਕੇ, ਇਸ ਦਾ ਛਿੱਟਾ ਇਕਸਾਰ ਪ੍ਰਤੀ ਏਕੜ ਪਾਓ ਅਤੇ ਹਲਕਾ ਪਾਣੀ ਲਾ ਦਿਓ ।

**2. ਤਣੇ ਦੀ ਗੁਲਾਬੀ ਸੁੰਡੀ** : ਇਹ ਸੁੰਡੀ ਝੋਨੇ ਦੇ ਫਸਲ ਤੋਂ ਕਣਕ



ਉੱਤੇ ਹਮਲਾ ਕਰਦੀ ਹੈ । ਇਹ ਸੁੰਡੀ ਬੂਟੇ ਦੇ ਤਣੇ ਵਿਚ ਮੋਰੀ ਕਰਕੇ ਅੰਦਰ ਚਲੀ ਜਾਂਦੀ ਹੈ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ ।

**ਰੋਕਥਾਮ** : 1) ਜੇਕਰ ਝੋਨੇ ਦੀ ਫਸਲ ਉਪਰ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਗੇਤੀ ਕਣਕ ਦੀ ਬਿਜਾਈ ਨਾ ਕਰੋ ।

2) ਉਸ ਸਮੇਂ ਖੜ੍ਹੀ ਫਸਨ ਨੂੰ ਪਾਣੀ ਲਾਉ ਤਾਂ ਕਿ ਸੁੰਡੀਆਂ ਨੂੰ ਪੰਛੀ ਖਾ ਸਕਣ ।

3) 50 ਮਿ.ਲਿ. ਕੋਰਾਜ਼ਨ 18.5 ਐੱਸ ਸੀ ਛਿੜਕੋ ਜਾਂ 7 ਕਿਲੋ ਮੋਰਟੈਲ ਜਾਂ ਰੀਜੈਂਟ 0.3 ਜੀ ਦਾਨੇਦਾਰ ਜਾਂ ਇਕ ਲਿਟਰ ਡਰਸਬਾਨ 20 ਈ.ਸੀ. ਦਵਾਈ 30 ਕਿਲੋ ਰੇਤ ਜਾਂ ਮਿੱਟੀ ਮਿਲਾਕੇ ਪਹਿਲੇ ਪਾਣੀ ਤੋਂ ਪਹਿਲਾਂ ਛੱਟਾ ਦਿਓ ।


**3. ਚੇਪਾ** : ਚੇਪੇ ਦੇ ਬਾਲਗ ਤੇ ਬੱਚੇ ਸਿੱਟਿਆਂ ਅਤੇ ਪੱਤਿਆਂ ਤੋਂ ਰਸ ਚੂਸਦੇ ਹਨ । ਕਣਕ ਦੇ ਦਾਣੇ ਛੋਟੇ ਰਹਿ ਜਾਂਦੇ ਹਨ ਅਤੇ ਫਸਲ ਦਾ ਝਾੜ ਘੱਟ ਜਾਂਦਾ ਹੈ ।

**ਰੋਕਥਾਮ** : ਇਸ ਦੀ ਰੋਕਥਾਮ ਸਿੱਟੇ ਪੈਣ ਤੇ ਕਰੋ । ਜੇਕਰ 5 ਚੇਪੇ ਪ੍ਰਤੀ



ਸਿਟਾ ਹੋਣ ਤੇ 20 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੀਥੋਕਸਮ) ਦਾ ਇਕ ਛਿੜਕਾਅ, 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ ।

**4. ਸੈਨਿਕ ਸੁੰਡੀ** : ਇਸ ਦੀ ਹਮਲਾ ਕਣਕ ਦੇ ਸਿੱਟੇ ਅਤੇ ਪੱਤੇ ਬੁਰੀ



ਤਰ੍ਹਾਂ ਨਸ਼ਟ ਕਰ ਦਿੰਦੀ ਹੈ । ਪਰਾਲੀ ਵਾਲੇ ਖੇਤਾਂ ਵਿਚ ਇਸ ਦਾ ਹਮਲਾ ਦਸੰਬਰ ਵਿਚ ਵੇਖਿਆ ਗਿਆ ਹੈ ।

**ਰੋਕਥਾਮ** : ਇਸ ਦੀ ਰੋਕਥਾਮ ਲਈ 400 ਮਿ.ਲਿ. ਇਕਾਲਕਸ਼ 25 ਈ ਸੀ. 100 ਲਿਟਰ ਪ੍ਰਤੀ ਏਕੜ ਛਿੜਕਾਅ ਸ਼ਾਮ ਵੇਲੇ ਕਰੋ ਜਦੋਂ ਫੌਜੀ ਸੁੰਡੀਆਂ ਸਿੱਟਿਆਂ ਦੇ ਆਲੇ ਦੁਆਲੇ ਜਮ੍ਹਾਂ ਹੋ ਜਾਂਦੀਆਂ ਹਨ ।

## ਛੋਲੇ

**1. ਛੋਲਿਆਂ ਦੀ ਸੁੰਡੀ** : ਇਹ



ਸੁੰਡੀ ਪੱਤੀਆਂ, ਫੁੱਲਾਂ, ਡੋਡੀਆਂ, ਡਡੇ ਅਤੇ ਦਾਣਿਆਂ ਨੂੰ ਖਾ ਕੇ ਬਹੁਤ ਨੁਕਸਾਨ ਕਰਦੀ ਹੈ । ਹਮਲਾ ਹੋਵੇ ਤਾਂ ਇਹ ਜ਼ਹਿਰਾਂ ਦੀ ਵਰਤੋਂ ਕਰੋ ।

**ਰੋਕਥਾਮ** : ਇਸ ਦੀ ਕੋਰਾਜ਼ਨ @ 50 ਮਿ. ਲਿ. ਜਾਂ ਪਰੋਕਲੇਮ 5 ਐਸ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

**2. ਤਣੇ ਦੀ ਮੱਖੀ** : ਇਸ ਦਾ ਹਮਲਾ ਸਤੰਬਰ ਵਿਚ ਬੀਜੀ ਗਈ ਫਸਲ ਤੋਂ ਜ਼ਿਆਦਾ ਹੁੰਦਾ ਹੈ । ਇਸ ਮੱਖੀ ਦਾ ਰੰਗ ਹਰਾ-ਕਾਲਾ ਅਤੇ ਅੱਖਾਂ ਭੂਰੀਆਂ ਹੁੰਦੀਆਂ ਹਨ ।

**ਨੁਕਸਾਨ** : ਛੋਟੇ ਬੂਟੇ ਪੀਲੇ ਪੈ ਕੇ ਸੁੱਕ ਜਾਂਦੇ ਹਨ, ਬੂਟਿਆਂ ਦੀ ਗਿਣਤੀ ਘੱਟ ਜਾਂਦੀ ਹੈ ਅਤੇ ਉਪਜ ਘੱਟ ਜਾਂਦੀ ਹੈ ।

**ਰੋਕਥਾਮ** : ਬੀਜਾਈ ਸਮੇਂ 3 ਕਿਲੋ ਥਿਮਟ 10 ਜੀ ਜਾਂ 10 ਕਿਲੋ ਫਿਊਰਾਡਾਨ ਦਵਾਈ ਪ੍ਰਤੀ ਏਕੜ ਪਾ ਦਿਓ ।

## ਸਰ੍ਹੋਂ, ਰਾਇਆ ਅਤੇ ਤੋਰਿਆਂ ਦੀ ਕੀੜੇ

**1. ਸਲੇਟੀ ਸੁੰਡੀ** : ਇਹ ਪੱਤਿਆਂ ਦੇ ਹਰੇ ਮਾਦੇ ਨੂੰ ਖਾ ਕੇ ਛੇਕ ਕਰਦੀ ਹੈ ਅਤੇ ਜਦੋਂ ਜ਼ਿਆਦਾ ਹਮਲਾ ਹੋਵੇ ਤਾਂ ਸਾਰੇ ਪੱਤਿਆਂ ਨੂੰ ਖਾ ਜਾਂਦੀ ਹੈ ।

**2. ਚਿੱਤਕਬਰੀ ਬੱਗ** : ਇਸ ਰਸ ਚੂਸਕ ਕੀੜਾ ਹੈ ਇਸ ਦਾ ਹਮਲਾ ਨਵੀਂ ਉੱਗ ਰਹੀ ਫਸਲ ਤੇ ਅਤੇ ਮਾਰਚ-ਅਪ੍ਰੈਲ ਵਿਚ ਪੱਕ ਰਹੀ ਫਸਲ ਤੇ ਹਮਲਾ ਕਰਦੀ ਹੈ । ਇਸ ਵੈਰੀ ਰਸ ਚੂਸਕ ਵੈਰੀ ਕੀੜੇ ਦੇ ਜਵਾਨ ਅਤੇ ਬੱਚੇ ਪੱਤਿਆਂ ਅਤੇ ਫਲੀਆਂ ਦਾ ਕਾਫੀ ਰਸ ਚੂਸਦੇ ਹਨ ਜਿਸ ਨਾਲ ਫਲੀਆਂ ਸੁੱਕ ਜਾਂਦੀਆਂ ਹਨ ਅਤੇ ਝਾੜ ਘੱਟ ਜਾਂਦਾ ਹੈ ।

**ਰੋਕਥਾਮ** : ਉਪਰੋਕਤ ਵੈਰੀ ਜੀਵਾਂ ਨੂੰ ਮਾਰਨ ਲਈ 400 ਮਿ.ਲਿ. ਮੈਲਾਥੀਆਨ 50 ਈ ਸੀ. ਜਾਂ 350 ਮਿ.ਲਿ. ਇਕਾਲਕਸ਼ 35 ਈ ਸੀ ਨੂੰ 80 ਲਿਟਰ ਪਾਣੀ ਵਿਚ ਘੋਲ ਪ੍ਰਤੀ ਏਕੜ ਛਿੜਕੋ ।

**3. ਸਰ੍ਹੋਂ/ਰਾਏ ਦਾ ਚੇਪਾ** : ਇਸ ਦਾ ਹਮਲਾ ਬੱਦਲਵਾਈ ਅਤੇ ਠੰਡੇ ਮੌਸਮ ਵਿਚ ਕਾਫੀ ਹੁੰਦਾ ਹੈ । ਇਸ ਦੇ ਬਗੈਰ ਖੰਭਾਂ ਵਾਲੇ ਜਵਾਨ ਮਾਦਾ ਅਤੇ ਬੱਚ ਵੱਡੀ ਗਿਣਤੀ ਵਿਚ ਫੁੱਲ, ਡੋਡੀ ਅਤੇ ਨਵੀਆਂ ਫਲੀਆਂ ਉੱਤੇ ਬੈਠੇ ਹੁੰਦੇ ਹਨ ਅਤੇ ਰਸ ਚੂਸਦੇ ਹਨ । ਸਿੱਟੇ ਵਜੋਂ ਫੁੱਲ ਅਤੇ ਫਲੀਆਂ ਮੁਰਝਾਅ ਜਾਂਦੀਆਂ ਹਨ । ਜਿਸ 30-40 ਪ੍ਰਤੀਸ਼ਤ ਉਪਜ ਘੱਟ ਜਾਂਦੀ ਹੈ



।

**ਰੋਕਥਾਮ** : ਜਦੋਂ ਹਮਲਾ ਵਿਖਾਈ ਦੇਵੇ ਤਾਂ ਫਸਲ ਤੇ 40 ਗ੍ਰਾਮ ਐਕਟਾਰਾ 25 ਡਬਲਯੂ ਜੀ ਜਾਂ 400 ਮਿ.ਲੀ. ਰੋਗਰ 30 ਈ.ਸੀ./ਮੈਟਾਸਿਸਟਾਕਸ 30 ਈ.ਸੀ. ਜਾਂ 600 ਮਿ.ਲੀ. ਡਰਸਬਾਨ 20 ਈ.ਸੀ. ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇ ਕਰੋ ।

**4. ਜੱਤਦਾਰ ਸੁੰਡੀ (ਭੱਬੂ ਕੁੱਤਾ) ਅਤੇ ਹਰੀ ਸੁੰਡੀਆਂ** : ਪੱਤੇ, ਛੋਟੀਆਂ



ਸਾਖਾਂ, ਹਰੀਆਂ ਫਲੀਆਂ ਨੂੰ ਖਾਂਦੀਆਂ ਹਨ ।

**ਰੋਕਥਾਮ** : ਵੱਡੀਆਂ ਸੁੰਡੀਆਂ ਨੂੰ ਮਾਰਨ ਲਈ 500 ਮਿ.ਲਿ. ਕਲੋਰੋਪਾਈਰੀਫਾਸ 20 ਈ.ਸੀ. ਜਾਂ ਇਕਾਲੋਕਸ 35 ਈ.ਸੀ. ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇ ਕਰੋ ।

## ਕਮਾਦ

**1. ਅਗੇਤੀ ਫੋਟ ਦਾ ਗੜੂੰਆਂ** : ਇਸ ਦੇ ਹਮਲੇ ਨਾਲ ਪੌਦਿਆਂ ਦੀਆਂ ਵਿਚਕਾਰਲੀਆਂ ਕਰੂੰਬਲਾਂ ਸੁੱਕ ਜਾਂਦੀਆਂ ਹਨ ।

**ਰੋਕਥਾਮ** : ਬੀਜਾਈ ਵੇਲੇ 10 ਕਿਲੋ ਰੀਜੈਂਟ (ਫਿਪਰੋਨਿਲ) ਦਾਣੇਦਾਰ ਪਾਓ ਜਾਂ

ਫਸਲ ਬੀਜਣ ਤੋਂ 45 ਦਿਨ ਬਾਅਦ 400 ਲਿਟਰ ਪਾਣੀ ਵਿਚ 150 ਮਿ.ਲਿ. ਕੋਰਾਜਨ ਘੋਲ ਕੇ ਪ੍ਰਤੀ ਏਕੜ ਸਪਰੇਅ ਕਰੋ ।

**2. ਆਗ ਦਾ ਗੜੂੰਆਂ** : ਇਸ ਦੇ ਹਮਲੇ ਕਾਰਨ ਆਗ ਵਿਚ ਮੋਰੀਆਂ ਹੋ ਜਾਂਦੀਆਂ ਹਨ, ਪੱਤੇ ਦੀ ਰੀੜ ਦੇ ਉਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਪਾ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ । ਇਸ ਦੇ ਹਮਲੇ ਕਾਰਨ ਗੰਨੇ ਦੇ ਸਿਰੇ ਤੋਂ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ।

**ਰੋਕਥਾਮ** : ਇਸ ਦੇ ਲਈ 10 ਕਿਲੋ ਫਰਟੇਰਾ 0.4 ਜੀ ਜਾਂ 12 ਕਿਲੋ ਫਿਊਰਾਡਾਨ ਪ੍ਰਤੀ ਏਕੜ ਵਰਤੋਂ ।

**3. ਗੁਰਦਾਸਪੁਰੀ ਗੜੂੰਆਂ** : ਇਸ ਦੇ ਹਮਲੇ ਕਾਰਨ ਦਰਮਿਆਨੇ ਪੱਤੇ ਮੁਰਝਾ ਜਾਂਦੇ ਹਨ । ਮਾੜੇ ਝਟਕੇ ਨਾਲ ਗੰਨਾ ਉਸ ਥਾਂ ਤੋਂ ਟੁਟ ਜਾਂਦਾ ਹੈ । 10 ਜੀ ਜਾਂ 10 ਕਿਲੋ ਫਿਊਰਾਡਾਨ ਦਵਾਈ ਪ੍ਰਤੀ ਏਕੜ ਪਾ ਦਿਓ ।

**ਰੋਕਥਾਮ** : 1) ਫਸਲ ਦੀ ਮੋਢੀ ਨਾ ਰੱਖੋ ।

2) ਹਮਲੇ ਵਾਲੇ ਗੰਨਿਆਂ ਨੂੰ ਸਾੜ ਦਿਓ ।

**4. ਕਮਾਦ ਦਾ ਘੋੜਾ** : ਇਹ ਰਸ ਚੂਸਕ ਜੀਵ ਹੈ । ਪੱਤਿਆਂ ਦਾ ਰਸ ਚੂਸਦਾ ਹੈ, ਪੱਤੇ ਪੀਲੇ ਪੈ ਜਾਂਦੇ ਹਨ ਇਸ ਦਾ ਜ਼ਿਆਦਾ ਨੁਕਸਾਨ ਖੇਤ ਦੇ ਅੰਦਰਲੇ ਹਿੱਸੇ ਵਿਚ ਜ਼ਿਆਦਾ ਹੁੰਦਾ ਹੈ ।

**ਰੋਕਥਾਮ** : 600 ਮਿ.ਲਿ. ਡਰਸਬਾਨ 20 ਈ ਸੀ ਨੂੰ 100 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਛਿੜਕੋ ।

**5. ਬਰਸੀਮ ਦਾ ਭੱਬੂ ਕੁੱਤਾ** : ਇਸ ਮੰਡਰੀ ਲਾਲ ਕਾਲੇ ਵਾਲੀਆਂ ਸੁੰਡੀਆਂ ਦਾ ਹਮਲਾ ਬਰਸੀਮ ਉੱਤੇ ਸਤੰਬਰ-ਅਕਤੂਬਰ ਅਤੇ ਮਾਰਚ ਅਪ੍ਰੈਲ ਵਿਚ ਹੁੰਦਾ ਹੈ ਅਤੇ ਖਾ ਕੇ ਬਹੁਤ ਨੁਕਸਾਨ ਕਰਦਾ ਹੈ ।

**6. ਛੋਲਿਆਂ ਦੀ ਸੁੰਡੀ** : ਇਹ ਹਰੀ ਸੁੰਡੀ ਬੀਜ ਵਾਲੀ ਬਰਸੀਮ ਦਾ ਕਾਫੀ ਨੁਕਸਾਨ ਕਰਦੀ ਹੈ ।

**ਰੋਕਥਾਮ** : 1) ਗੁੱਤ ਪੁੱਟਣਾ, ਬਾਥੂ, ਭੰਗ, ਜੰਗਲੀ ਰਿੰਡ ਵਰਗੇ ਨਦੀਨਾਂ ਨੂੰ ਨਸ਼ਟ ਕਰੋ ।

2) ਬੀਜ ਵਾਲੀ ਫਸਲ ਨੂੰ ਛੋਲੇ, ਮੂੰਗੀ ਅਤੇ ਸੂਰਜਮੁਖੀ ਦੇ ਨੇੜੇ ਬੀਜੋ ।

3) ਲੋੜ ਪੈਣ ਤੇ 350 ਮਿ.ਲਿ. ਇਕਾਲੋਕਸ 25 ਈ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਪ੍ਰਤੀ ਏਕੜ ਛਿੜਕਾਅ ਕਰੋ ।

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 07
ਮਿਤੀ 15-02-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।

Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Vargina Printers**, Shere-e-Punjab Market, Gaushala Road, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). E-mail : khetiduniyan1983@gmail.com Phone No. 0175-2214575, RNI No.**PUNPUN00806**


# ਬਾਗਬਾਨੀ ਨਾਲ ਜੁੜੇ ਕਈ ਧੰਦਿਆਂ 'ਚ ਮਿਲ ਰਹੀ ਹੈ ਕਿਸਾਨਾਂ ਨੂੰ ਸਬਸਿਡੀ


ਬ੍ਰਿਸ਼ ਭਾਨ ਬੁਜਰਕ
ਮੋ. 98761-01698


ਪੰਜਾਬ ਵਿਚ ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਧੰਦਾ ਕਈ ਕਿਸਾਨਾਂ ਨੇ ਮੁੱਖ ਕਾਰੋਬਾਰ ਵਜੋਂ ਅਪਨਾ ਲਿਆ ਹੈ । ਆਮ ਤੌਰ 'ਤੇ ਮੱਖੀ ਪਾਲਣ ਦੇ ਧੰਦੇ ਦੀ ਸ਼ੁਰੂਆਤ ਸਾਲ ਵਿਚ ਫਰਵਰੀ-ਮਾਰਚ ਅਤੇ ਅਗਸਤ-ਸਤੰਬਰ ਦੇ ਮਹੀਨਿਆਂ ਦੌਰਾਨ ਕੀਤੀ ਜਾਂਦੀ ਹੈ ਪਰ ਫਰਵਰੀ-ਮਾਰਚ ਦੇ ਮਹੀਨੇ 'ਚ ਮੱਖੀ ਪਾਲਣਾ ਸਭ ਤੋਂ ਸਫਲ ਮੰਨਿਆ ਜਾਂਦਾ ਹੈ, ਕਿਉਂਕਿ ਬਸੰਤ ਰੁੱਤ ਹੋਣ ਕਰ ਕੇ ਫੁੱਲਾਂ ਦਾ ਭਰਵਾਂ ਸੀਜ਼ਨ ਹੁੰਦਾ ਹੈ । ਜਿਸ ਕਰਕੇ ਰਾਣੀ ਮੱਖੀ ਆਪਣਾ ਪਰਿਵਾਰਕ ਵਾਧਾ ਕਰਦੀ ਹੈ ਜਦੋਂ ਕਿ ਅਗਸਤ-ਸਤੰਬਰ ਦੇ ਮਹੀਨਿਆਂ ਦੌਰਾਨ ਬਰਸਾਤਾਂ ਅਤੇ ਅੱਗੇ ਠੰਡ ਆਉਣ ਕਾਰਨ ਮੱਖੀ ਦਾ ਪਰਿਵਾਰਕ ਵਾਧਾ ਘੱਟ ਹੁੰਦਾ ਹੈ ।



**ਆਮ ਤੌਰ 'ਤੇ ਮੱਖੀ ਪਾਲਣ ਦੇ ਧੰਦੇ ਦੀ ਸ਼ੁਰੂਆਤ ਸਾਲ ਵਿਚ ਫਰਵਰੀ-ਮਾਰਚ ਅਤੇ ਅਗਸਤ-ਸਤੰਬਰ ਦੇ ਮਹੀਨਿਆਂ ਦੌਰਾਨ ਕੀਤੀ ਜਾਂਦੀ ਹੈ ਪਰ ਫਰਵਰੀ-ਮਾਰਚ ਦੇ ਮਹੀਨੇ 'ਚ ਮੱਖੀ ਪਾਲਣਾ ਸਭ ਤੋਂ ਸਫਲ ਮੰਨਿਆ ਜਾਂਦਾ ਹੈ, ਕਿਉਂਕਿ ਬਸੰਤ ਰੁੱਤ ਹੋਣ ਕਰ ਕੇ ਫੁੱਲਾਂ ਦਾ ਭਰਵਾਂ ਸੀਜ਼ਨ ਹੁੰਦਾ ਹੈ । ਜਿਸ ਕਰਕੇ ਰਾਣੀ ਮੱਖੀ ਆਪਣਾ ਪਰਿਵਾਰਕ ਵਾਧਾ ਕਰਦੀ ਹੈ ਜਦੋਂ ਕਿ ਅਗਸਤ-ਸਤੰਬਰ ਦੇ ਮਹੀਨਿਆਂ ਦੌਰਾਨ ਬਰਸਾਤਾਂ ਅਤੇ ਅੱਗੇ ਠੰਡ ਆਉਣ ਕਾਰਨ ਮੱਖੀ ਦਾ ਪਰਿਵਾਰਕ ਵਾਧਾ ਘੱਟ ਹੁੰਦਾ ਹੈ ।**

ਪੰਜਾਬ ਵਿਚ ਆਮ ਤੌਰ 'ਤੇ ਇਟਾਲੀਅਨ ਮੱਖੀ ਹੀ ਪਾਲੀ ਜਾ ਰਹੀ ਹੈ । ਜਿਹੜੀ ਸਲਾਨਾ 20 ਤੋਂ 50 ਕਿਲੋ ਪ੍ਰਤੀ ਬਕਸਾ ਸ਼ਹਿਦ ਦੀ ਪੈਦਾਵਾਰ ਦਿੰਦੀ ਹੈ, ਜੇਕਰ ਆਪਾਂ ਮੱਖੀਆਂ ਦੇ ਬਕਸੇ ਇਕ ਹੀ ਜਗ੍ਹਾ 'ਤੇ ਰੱਖੇ ਹੋਣ ਤਾਂ 20 ਕਿਲੋ ਤੱਕ, ਜੇਕਰ ਬਕਸੇ ਵੱਧ ਗਿਣਤੀ 'ਚ ਹੋਣ ਤਾਂ ਸਰ੍ਹੋਂ,



ਸਫੈਦਾ, ਬਰਸੀਮ ਆਦਿ ਸਮੇਤ ਕਈ ਥਾਵਾਂ 'ਤੇ ਬਕਸਿਆਂ ਦੀ ਅਦਲਾ/ਬਦਲੀ ਕੀਤੀ ਜਾ ਸਕਦੀ ਹੈ । ਜਿਸ ਨਾਲ ਸ਼ਹਿਦ ਦੀ ਪੈਦਾਵਾਰ ਕਈ ਗੁਣਾ ਵਧ ਜਾਂਦੀ ਹੈ। ਪੰਜਾਬ ਸਰਕਾਰ ਦੇ ਬਾਗਬਾਨੀ ਵਿਭਾਗ ਵਲੋਂ ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਕਰਜ਼ੇ ਦੇ ਰੂਪ 'ਚ ਆਰਥਿਕ ਮੱਦਦ ਅਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ ।

## ਖੇਤੀ ਦਾ ਧੰਦਾ ਅਤੇ ਆਧੁਨਿਕ ਤਕਨੀਕ

ਦੇਸ਼ ਦੇ ਕਿਸਾਨਾਂ ਲਈ ਖੇਤੀ, ਪਸ਼ੂ ਪਾਲਣ, ਬਾਗਬਾਨੀ ਅਤੇ ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ ਧੰਦਿਆਂ ਲਈ ਆਧੁਨਿਕ ਤਕਨੀਕ ਦਾ ਹੋਣਾ ਜ਼ਰੂਰੀ ਹੋ ਗਿਆ ਹੈ । ਕਿਉਂਕਿ ਇਸ ਤਕਨੀਕ ਰਾਹੀਂ ਖੇਤੀ ਅਤੇ ਹੋਰ ਖਰਚਿਆਂ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇਫਸਲਾਂ ਨੂੰ ਮੌਸਮ ਦੀ ਮਾਰ ਤੋਂ ਵੀ ਬਚਾਇਆ ਜਾ ਸਕਦਾ ਹੈ । ਮੋਬਾਈਲ ਜਾਂ ਹੋਰ ਤਕਨੀਕਾਂ ਰਾਹੀਂ ਮੌਸਮ ਦੀ ਅਗਾਊਂ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ । ਅਜਿਹੀ ਜਾਣਕਾਰੀ ਨਾਲ ਘੱਟ ਪਾਣੀ ਪੀਣ ਵਾਲੀਆਂ ਜ਼ਮੀਨਾਂ ਵਾਲੀ ਫਸਲ ਨੂੰ ਪਾਣੀ ਦੇਣ ਜਾਂ ਨਾ ਦੇਣ ਦੀ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ । ਖਾਦਾਂ, ਕੀੜੇਮਾਰ ਦਵਾਈਆਂ ਆਦਿ ਦੀ ਵਰਤੋਂ ਲਈ ਵੀ ਆਧੁਨਿਕ ਢੰਗ ਵਰਤੇ ਜਾ ਸਕਦੇ ਹਨ ।

## ਸ਼ਹਿਦ ਦੀਆਂ ਮੱਖੀਆਂ ਅਤੇ ਹਰ ਕਿੱਤਿਆਂ 'ਤੇ ਸਬਸਿਡੀ

ਪੰਜਾਬ ਸਰਕਾਰ ਨੇ ਵੀ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ 'ਚੋਂ ਕੱਢ ਕੇ ਹੋਰ ਸਹਾਇਕ ਧੰਦਿਆਂ ਵੱਲ ਉਤਸ਼ਾਹਿਤ ਕਰਨ ਅਤੇ ਵਿਸ਼ੇਸ਼ ਤੌਰ 'ਤੇ ਬਾਗਬਾਨੀ ਨੂੰ ਹੁਲਾਰਾ ਦੇਣ ਲਈ ਕੌਮੀ ਬਾਗਬਾਨੀ ਮਿਸ਼ਨ ਅਧੀਨ ਕੋਲਡ ਸਟੋਰ, ਪੈਕ ਹਾਊਸ, ਗਰੀਨ ਹਾਊਸ, ਖੁੰਬਾਂ ਦੀ ਕਾਸ਼ਤ, ਸਬਜ਼ੀਆਂ, ਬਾਗਬਾਨੀ ਨਾਲ ਸਬੰਧਤ ਮਸ਼ੀਨਰੀ, ਵਰਮੀ ਕੰਪੋਸਟ ਅਤੇ ਫੁੱਲਾਂ ਦੀ ਖੇਤੀ 'ਤੇ ਵੱਡੇ ਪੱਧਰ 'ਤੇ ਸਬਸਿਡੀ ਦਿੱਤੀ ਜਾਂਦੀ ਹੈ ਤਾਂ ਜੋ ਕਿਸਾਨ ਬਾਗਬਾਨੀ ਨਾਲ ਸਬੰਧਤ ਧੰਦੇ ਅਪਣਾ ਕੇ ਆਪਣਾ ਆਰਥਿਕ ਪੱਧਰ ਉੱਚਾ ਚੁੱਕ ਸਕਣ । ਬਾਗਬਾਨੀ ਵਿਭਾਗ ਦੇ ਜ਼ਿਲਾ ਪੱਧਰੀ ਵਿਭਾਗਾਂ ਵੱਲੋਂ ਫੁੱਲਾਂ, ਸਬਜ਼ੀਆਂ ਅਤੇ ਫਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਵਾਸਤੇ ਇਕੱਲੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਬਾਗਬਾਨਾਂ ਨੂੰ ਪਿਛਲੇ ਪੰਜ ਸਾਲਾਂ ਦੌਰਾਨ 11 ਕਰੋੜ 77 ਲੱਖ 75 ਹਜ਼ਾਰ 470 ਰੁਪਏ ਦੀ ਸਬਸਿਡੀ ਦਿੱਤੀ ਗਈ ਹੈ । ਇਸ ਤੋਂ ਇਲਾਵਾ 186 ਹੈਕਟੇਅਰ ਰਕਬੇ ਵਿਚ ਬਾਗ ਲਗਾਉਣ ਵਾਸਤੇ 5 ਲੱਖ 41 ਹਜ਼ਾਰ 51 ਰੁਪਏ ਦੀ ਸਬਸਿਡੀ ਵੀ ਕਿਸਾਨਾਂ ਨੂੰ ਮੁਹੱਈਆ ਕਰਵਾਈ ਸੀ ।

ਗਰੀਨ ਹਾਊਸ ਸਥਾਪਤ ਕਰਨ ਵਾਲੇ ਕਿਸਾਨਾਂ ਨੂੰ 4 ਕਰੋੜ 12 ਲੱਖ 25 ਹਜ਼ਾਰ 739 ਰੁਪਏ ਦੀ ਸਬਸਿਡੀ ਵੰਡੀ ਜਾ ਚੁੱਕੀ ਹੈ । ਬਾਗਬਾਨੀ ਵਿਭਾਗ ਵੱਲੋਂ 8 ਕੋਲਡ ਸਟੋਰਾਂ ਦੀ ਉਸਾਰੀ ਲਈ 6 ਕਰੋੜ 55 ਲੱਖ 39 ਹਜ਼ਾਰ 200 ਰੁਪਏ ਦੀ ਸਬਸਿਡੀ ਦਿੱਤੀ ਗਈ । ਕਿਸਾਨਾਂ ਨੂੰ 44 ਯੂਨਿਟ ਗੰਡੋਏ ਦੀ ਖਾਦ ਤਿਆਰ ਕਰਨ ਵਾਸਤੇ ਖਰੀਦਣ ਲਈ 13 ਲੱਖ 20 ਹਜ਼ਾਰ ਰੁਪਏ, ਬਾਗਬਾਨੀ ਨਾਲ ਸਬੰਧਤ ਮਸ਼ੀਨਰੀ ਖਰੀਦਣ 'ਤੇ 56 ਲੱਖ 2 ਹਜ਼ਾਰ 980 ਰੁਪਏ, 12 ਪੈਕ ਹਾਊਸ ਲਈ 18 ਲੱਖ ਰੁਪਏ ਦੀ ਸਬਸਿਡੀ ਮੁਹੱਈਆ ਕਰਵਾਈ ਗਈ, ਜਦੋਂ ਕਿ 116 ਪਾਵਰ ਸਪਰੇਅ ਪੰਪ ਖਰੀਦਣ ਲਈ 13 ਲੱਖ 83 ਹਜ਼ਾਰ 100 ਰੁਪਏ ਦੀ ਸਬਸਿਡੀ ਦਿੱਤੀ ਗਈ । ਮਧੂ ਮੱਖੀ ਪਾਲਣ ਦੇ ਧੰਦੇ ਨੂੰ ਖੇਤੀਬਾੜੀ ਦੇ ਸਹਾਇਕ ਧੰਦੇ ਵਜੋਂ ਵਿਕਸਤ ਕਰਨ ਲਈ ਮਧੂ ਮੱਖੀ ਪਾਲਕਾ ਨੂੰ 1161 ਮਧੂ ਮੱਖੀਆਂ ਦੇ ਬਕਸਿਆਂ 'ਤੇ 17 ਲੱਖ 46 ਹਜ਼ਾਰ 500 ਰੁਪਏ ਦੀ ਸਬਸਿਡੀ ਵੀ ਵੰਡੀ ਗਈ । ਸੈਲਫ ਹੈਲਪ ਗਰੁੱਪ ਬਣਾ ਕੇ ਬੇਰੋਜਗਾਰ ਔਰਤਾਂ ਅਤੇ ਵਿਦਿਆਰਥੀਆਂ ਨੂੰ ਅਚਾਰ, ਚਟਨੀ, ਮੁਰੱਬੇ ਅਤੇ ਬਾਗਬਾਨੀ ਨਾਲ ਸਬੰਧਤ ਹੋਰ ਪਦਾਰਥ ਬਣਾਉਣੇ ਸਿਖਾਏ ਜਾਂਦੇ ਹਨ । ਜਿਸ ਨਾਲ ਸਵੈ ਰੋਜਗਾਰ ਦੇ ਮੌਕੇ ਪੈਦਾ ਹੁੰਦੇ ਹਨ ।

ਇਸੇ ਤਰ੍ਹਾਂ ਦੀ ਕੌਮੀ ਬਾਗਬਾਨੀ ਮਿਸ਼ਨ ਸਕੀਮ ਅਧੀਨ ਬਾਗਬਾਨੀ ਵਿਭਾਗ ਸੰਗਰੂਰ ਵੱਲੋਂ ਵੀ ਫਲਦਾਰ ਬੂਟਿਆਂ ਦੀ ਪੈਦਾਵਾਰ, ਖੁੰਬਾਂ ਦੀ ਕਾਸ਼ਤ, ਬਾਗਬਾਨੀ ਵਿਭਾਗ ਲਈ ਕੰਮ ਆਉਣ ਵਾਲੀਆਂ ਮਸ਼ੀਨਾਂ, ਸ਼ਹਿਦ ਦੀਆਂ ਮੱਖੀਆਂ ਪਾਲਣ, ਪੋਲੀ ਗਰੀਨ ਹਾਊਸ ਬਣਾਉਣ 'ਤੇ, ਗੰਡੋਆ ਖਾਦ ਯੂਨਿਟ ਲਗਾਉਣ 'ਤੇ 40 ਤੋਂ 50 ਫੀਸਦੀ ਸਬਸਿਡੀ ਮੁਹੱਈਆ ਕਰਵਾਈ ਗਈ ।

ਇਸ ਤਰ੍ਹਾਂ ਬਾਗਬਾਨੀ ਦੇ ਧੰਦਿਆਂ ਨਾਲ ਜੁੜੇ ਕਿਸਾਨਾਂ ਨੂੰ ਵਿਭਾਗ ਵੱਲੋਂ ਸਬਸਿਡੀ ਦਿੱਤੀ ਜਾਂਦੀ ਹੈ । ਪੰਜਾਬ 'ਚ ਪੋਲੀ ਗਰੀਨ ਹਾਊਸ ਦੇ ਵਧ ਰਹੇ ਰੁਝਾਨ ਨੂੰ ਵੇਖਦੇ ਹੋਏ ਕਿਸਾਨ ਸਬਜ਼ੀਆਂ ਅਤੇ ਖੀਰੇ ਆਦਿ ਦੀ ਕਾਸ਼ਤ ਕਰ ਕੇ ਵਧੀਆ ਕਮਾਈ ਕਰ ਰਹੇ ਹਨ । ਅਸਲ ਵਿਚ ਕਿਸਾਨ ਫਿਰ ਇਸ ਯੋਜਨਾ ਤੋਂ ਪਛੜ ਰਹੇ ਹਨ, ਕਿਉਂਕਿ ਇਸ ਯੋਜਨਾ ਅਤੇ ਸਬਸਿਡੀ ਦਾ ਲਾਭ ਜ਼ਿਆਦਾਤਰ ਵਪਾਰੀ ਵਰਗ ਲੈ ਰਿਹਾ ਹੈ । ਜਿਹੜੇ ਵਪਾਰੀ ਵੱਡੇ ਉਦਯੋਗਾਂ ਵਿਚੋਂ ਕਮਾਈ ਨਹੀਂ ਕਰ ਸਕੇ ਅਤੇ ਉਹ ਏਕੜ ਦੋ ਏਕੜ ਜ਼ਮੀਨ ਦੇ ਮਾਲਕ ਹਨ,



ਉਨ੍ਹਾਂ ਨੇ ਅਜਿਹੇ ਪੋਲੀ ਹਾਊਸ ਲਗਾ ਕੇ ਵੱਡੇ ਪੱਧਰ 'ਤੇ ਸਬਜ਼ੀਆਂ ਦੀ ਕਾਸ਼ਤ ਕਰਨੀ ਸ਼ੁਰੂ ਕਰ ਕੇ ਪੈਦਾਵਾਰ ਨੂੰ ਵੱਡੀਆਂ ਮੰਡੀਆਂ 'ਚ ਮਹਿੰਗੇ ਭਾਅ ਵੇਚ ਰਹੇ ਹਨ ।

# ਹਾੜ੍ਹੀ ਦੀਆਂ ਚਾਰਾ ਫਸਲਾਂ ਦਾ ਬੀਜ ਆਪ ਪੈਦਾ ਕਰੋ

ਰੁਚਿਕਾ ਭਾਰਦਵਾਜ, ਆਰ ਐਸ ਸੋਹੂ ਅਤੇ ਦਵਿੰਦਰਪਾਲ ਸਿੰਘ,
ਪਲਾਂਟ ਬਰੀਡਿੰਗ ਅਤੇ ਜੈਨਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 87270-44194)

**ਰਵਾਇਤੀ ਫਸਲੀ ਚੱਕਰ ਕਣਕ-ਝੋਨੇ ਵੱਲ ਕਿਸਾਨਾਂ ਦੇ ਵਧੇਰੇ ਰੁਝਾਨ ਕਰਕੇ ਚਾਰੇ ਦੀਆਂ ਫਸਲਾਂ ਹੇਠ ਰਕਬਾ ਲੋੜ ਤੋਂ ਬਹੁਤ ਘੱਟ ਹੈ । ਇਸ ਕਰਕੇ ਜ਼ਰੂਰੀ ਹੈ ਕਿ ਚਾਰੇ ਦੀਆਂ ਫਸਲਾਂ ਹੇਠ ਰਕਬਾ ਵਧਾਇਆ ਜਾਵੇ ਤਾਂ ਜੋ ਡੇਅਰੀ ਦਾ ਧੰਦਾ ਵਧੇਰੇ ਲਾਹੇਵੰਦ ਹੋ ਸਕੇ ਅਤੇ ਪਸ਼ੂਆਂ ਨੂੰ ਲੋੜੀਂਦੀ ਮਾਤਰਾ ਵਿਚ ਹਰੇ ਚਾਰੇ ਦੀ ਖੁਰਾਕ ਮਿਲ ਸਕੇ । ਇਸ ਤੋਂ ਇਲਾਵਾ ਹਰੇ ਚਾਰੇ ਦੀ ਮੰਗ ਪੂਰੀ ਕਰਨ ਲਈ ਕਿਸਾਨਾਂ ਨੂੰ ਇਹਨਾਂ ਫਸਲਾਂ ਦਾ ਬੀਜ ਵੀ ਆਪ ਹੀ ਪੈਦਾ ਕਰਨਾ ਚਾਹੀਦਾ ਹੈ । ਹਾੜੀ ਦੀਆਂ ਫਸਲਾਂ ਜਿਵੇਂ ਕਿ ਬਰਸੀਮ, ਲੂਸਣ, ਰਾਈ ਘਾਹ ਆਦਿ ਦਾ ਬੀਜ ਉਤਪਾਦਨ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਵਧੀਆ ਬੀਜ ਪੈਦਾ ਕੀਤਾ ਜਾ ਸਕੇ ।**

**ੳ) ਬਰਸੀਮ ਦਾ ਬੀਜ ਪੈਦਾ ਕਰਨਾ :**

**ਬੀਜ ਲਈ ਛੱਡਣ ਲਈ ਆਖਰੀ ਕਟਾਈ** : ਬਰਸੀਮ ਦਾ ਬੀਜ ਪੈਦਾ ਕਰਨ ਲਈ ਬਰਸੀਮ ਦੇ ਚਾਰੇ ਦੀ ਕਟਾਈ ਇਸ



ਤਰ੍ਹਾਂ ਲੈਣੀ ਚਾਹੀਦੀ ਹੈ ਕਿ ਨਵੀਂ ਪੁੰਗਰੀ ਫਸਲ ਬਹੁਤ ਜ਼ਿਆਦਾ ਗਰਮੀ ਪੈਣ ਤੋਂ ਪਹਿਲਾਂ-ਪਹਿਲਾਂ ਚੰਗੀ ਤਰ੍ਹਾਂ ਵੱਧ ਜਾਵੇ ਅਤੇ ਫੁੱਲ ਪੈਦਾ ਕਰ ਸਕੇ । ਕਿਉਂਕਿ ਤਾਪਮਾਨ ਵਿਚ ਵਾਧਾ ਵੱਖ-ਵੱਖ ਇਲਾਕਿਆਂ ਵਿਚ ਵੱਖ-ਵੱਖ ਸਮੇਂ ਤੇ ਹੁੰਦਾ ਹੈ, ਇਸ ਲਈ ਫਸਲ ਨੂੰ ਬੀਜ ਵਾਸਤੇ ਛੱਡਣ ਦਾ ਅਨੁਕੂਲ ਸਮਾਂ ਵੀ ਵੱਖ-ਵੱਖ ਹੁੰਦਾ ਹੈ । ਬਰਸੀਮ ਦੇ ਬੀਜ ਦਾ ਝਾੜ ਫਸਲ ਦੀ ਅਖੀਰਲੀ ਕਟਾਈ ਦੇ ਸਮੇਂ ਅਤੇ ਉਸ ਪਿਛੋਂ ਬੀਜ ਪੈਦਾ ਕਰਨ ਲਈ ਛੱਡਣ ਤੇ ਨਿਰਭਰ ਕਰਦਾ ਹੈ । ਇਹ ਫੈਸਲਾ ਕਿਸਮ, ਭੂਮੀ ਅਤੇ ਮੌਸਮ ਅਨੁਸਾਰ ਕੀਤਾ ਜਾਂਦਾ ਹੈ । ਘੱਟ ਨਮੀ ਵਾਲੇ ਇਲਾਕਿਆਂ ਵਿਚ ਆਖਰੀ ਲੌਅ ਕੁਝ ਅਗੇਤਾ ਅਤੇ ਵਧੇਰੇ ਨਮੀ ਵਾਲੇ ਇਲਾਕੇ ਵਿਚ ਪਛੇਤਾ ਲਓ । ਬੀ ਐੱਲ 42, ਬੀ ਐੱਲ 43 ਅਤੇ ਬੀ ਐੱਲ 44 ਕਿਸਮ ਨੂੰ ਬੀਜ ਲਈ ਛੱਡਣ ਦਾ ਢੁੱਕਵਾਂ ਸਮਾਂ ਅਪ੍ਰੈਲ ਦਾ ਪਹਿਲਾ ਪੰਦਰਵਾੜਾ ਹੈ, ਜਦ ਕਿ ਬੀ ਐੱਲ 10 ਕਿਸਮ ਨੂੰ ਅਪ੍ਰੈਲ ਦੇ ਦੂਜੇ ਪੰਦਰਵਾੜੇ ਵਿਚ ਬੀਜ ਲਈ ਛੱਡੋ । ਕਾਸ਼ਨੀ ਅਤੇ ਹੋਰ ਘਾਹ-ਫੂਸ ਖੇਤ ਵਿੱਚੋਂ ਕੱਢ ਦੇਣਾ ਚਾਹੀਦਾ ਹੈ । ਫਸਲ ਨੂੰ ਬੀਜ ਪੈਣ ਅਤੇ ਪੱਕਣ ਵੇਲੇ ਪਾਣੀ ਲਾਉਂਦੇ ਰਹਿਣਾ ਚਾਹੀਦਾ ਹੈ ।

**ਗਹਾਈ** : ਬੀਜ ਪੱਕਣ ਤੇ ਫਸਲ ਦੀ ਕਟਾਈ ਸਮੇਂ ਸਿਰ ਕਰ ਲੈਣੀ ਚਾਹੀਦੀ ਹੈ । ਫਸਲ ਦੀ ਗਹਾਈ ਹੱਥਾਂ ਨਾਲ, ਕੰਬਾਈਨ ਨਾਲ ਜਾਂ ਕਣਕ ਵਾਲੇ ਥਰੈਸ਼ਰ ਨਾਲ ਕੀਤੀ ਜਾ ਸਕਦੀ ਹੈ । ਬੀਜ ਨੂੰ ਬਾਰਸ਼ ਵਿਚ ਗਿੱਲਾ ਹੋਣ ਤੋਂ ਬਚਾਉਣਾ ਚਾਹੀਦਾ ਹੈ। ਇਸ ਲਈ ਗਹਾਈ ਤੋਂ ਬਾਅਦ ਬੀਜ ਨੂੰ ਸਾਫ-ਸੁਥਰੀ ਸੁੱਕੀ ਥਾਂ ਤੇ ਸਟੋਰ ਕਰ ਕੇ ਰੱਖਣਾ ਚਾਹੀਦਾ ਹੈ ।

**ਬੀਜ ਦਾ ਝਾੜ** : ਬੀਜ ਦਾ ਔਸਤ ਝਾੜ ਤਕਰੀਬਨ 2 ਕੁਇੰਟਲ ਨਿਕਲ ਆਉਂਦਾ ਹੈ ਪਰ ਇਹ ਵੀ ਮੌਸਮ ਤੇ ਨਿਰਭਰ ਕਰਦਾ ਹੈ । ਜ਼ਿਆਦਾ ਨਮੀ ਵਾਲੇ ਨੀਮ ਪਹਾੜੀ ਇਲਾਕਿਆਂ ਵਿਚ ਬੀਜ ਦਾ ਝਾੜ 4.5 ਕੁਇੰਟਲ ਏਕੜ ਵੀ ਨਿਕਲ ਆਉਂਦਾ ਹੈ । ਬਰਸੀਮ ਦੇ ਬੀਜ ਦਾ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟਰੇਟ (13:0:45) (2 ਕਿਲੋ ਪੋਟਾਸ਼ੀਅਮ ਨਾਈਟਰੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੀਆਂ ਦੋ ਸਪਰੇਆਂ ਹਫਤੇ-ਹਫਤੇ ਦੇ ਵਕਫੇ ਨਾਲ ਫੁੱਲ ਸ਼ੁਰੂ ਹੋਣ ਤੇ ਕਰੋ ਜਾਂ 7.5 ਗ੍ਰਾਮ ਸੈਲੀਸਿਲਕ ਏਸਿਡ, 225 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲ ਕੇ ਇਸ ਮਿਸ਼ਰਣ ਨੂੰ 100 ਲਿਟਰ ਪਾਣੀ ਵਿਚ ਘੋਲ ਲਓ । ਇਹ ਘੋਲ ਪ੍ਰਤੀ ਏਕੜ ਇਕ ਸਪਰੇਅ ਲਈ ਹੈ । ਇਸ ਤਰ੍ਹਾਂ ਦੇ ਘੋਲ ਦੀਆਂ ਦੋ ਸਪਰੇਆਂ ਇਕ ਹਫਤੇ ਦੇ ਵਕਫੇ ਨਾਲ ਫੁੱਲ ਸ਼ੁਰੂ ਹੋਣ ਤੇ ਕਰੋ ।

**ਅ) ਲੂਸਣ ਦਾ ਬੀਜ ਪੈਦਾ ਕਰਨਾ**

**ਬੀਜ ਲਈ ਛੱਡਣ ਲਈ ਆਖਰੀ ਕਟਾਈ** : ਫਸਲ ਦੀ ਚਾਰੇ ਲਈ ਕਟਾਈ ਦੇ ਅੱਧ ਮਾਰਚ ਤੱਕ ਕੀਤੀ ਜਾ ਸਕਦੀ ਹੈ ਅਤੇ ਉਸ ਤੋਂ ਮਗਰੋਂ ਫਸਲ ਬੀਜ ਪੈਦਾ ਕਰਨ ਲਈ ਛੱਡ ਦੇਣੀ ਚਾਹੀਦਾ ਹੈ



। ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ ਬੀਜ ਲਈ ਨਵੀਂ ਬੀਜ ਫਸਲ ਦੀ ਚਾਰੇ ਵਾਸਤੇ ਉੱਕਾ ਹੀ ਕੋਈ ਕਟਾਈ ਨਹੀਂ ਕੀਤੀ ਜਾਂਦੀ, ਜਦ ਤੱਕ ਕਿ ਫਸਲ ਬਹੁਤ ਜ਼ਿਆਦਾ ਭਰਵੀਂ ਤੇ ਜ਼ੋਰਦਾਰ ਨਾ ਹੋਵੇ । ਕੇਂਦਰੀ ਜ਼ਿਲ੍ਹਿਆਂ ਵਿਚ ਕਟਾਈ ਕਰਨੀ ਜ਼ਰੂਰੀ ਹੁੰਦੀ ਹੈ, ਖਾਸ ਕਰ ਕੇ ਜਦੋਂ ਲੂਸਣ ਦੀ ਬੀਜਾਈ ਅੱਧ ਅਕਤੂਬਰ ਵਿਚ ਅਗੇਤੀ ਕੀਤੀ ਗਈ ਹੋਵੇ । ਅਗੇਤੀ ਬੀਜੀ ਫਸਲ ਮਾਰਚ ਦੇ ਅੱਧ ਤਕ ਕਾਫੀ ਉੱਚੀ ਹੋ ਜਾਂਦੀ ਹੈ ਅਤੇ ਉਸ ਨੂੰ ਬੀਜ ਲਈ ਛੱਡਣ ਤੋਂ ਪਹਿਲਾਂ, ਜ਼ਮੀਨ ਦੀ ਜ਼ਰਖੇਜ਼ੀ ਅਤੇ ਮੌਸਮ ਮੁਤਾਬਕ, ਇਕ ਜਾਂ ਦੋ ਕਟਾਈਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ ।

**ਗਹਾਈ** : ਸਾਰੀਆਂ ਫਲੀਆਂ ਦੇ ਪੱਕ ਜਾਣ ਅਤੇ ਪੌਦਿਆਂ ਦੇ ਪੂਰੀ ਤਰ੍ਹਾਂ ਸੁੱਕ ਜਾਣ ਦੀ ਆਸ ਵਿਚ ਕਟਾਈ ਦੇਰ ਨਾਲ ਨਹੀਂ ਕਰਨੀ ਚਾਹੀਦੀ । ਦੋ-ਤਿਹਾਈ ਫਲੀਆਂ ਦੇ ਪੂਰੀ ਤਰ੍ਹਾਂ ਪੱਕ ਜਾਣ ਤੇ ਫਸਲ ਦੀ ਕਟਾਈ ਕਰ ਲੈਣੀ ਚਾਹੀਦੀ ਹੈ । ਬਾਕੀ ਦੀਆਂ ਹਰੀਆਂ ਫਲੀਆਂ ਦੇ ਪੱਕ ਜਾਣ ਦੀ ਆਸ ਵਿਚ ਫਸਲ ਨੂੰ ਵਧੇਰੇ ਚਿਰ ਤਕ ਖੇਤ ਵਿਚ ਖੜ੍ਹੀ ਨਹੀਂ ਰੱਖਣਾ ਚਾਹੀਦਾ । ਕਟਾਈ ਵਿਚ ਦੇਰ ਹੋ ਜਾਣ ਨਾਲ ਪੱਕੀਆਂ ਫਲੀਆਂ ਕਿਰ ਜਾਂਦੀਆਂ ਹਨ । ਫਸਲ ਦੀ ਕਟਾਈ ਸਵੇਰੇ-ਸਵੇਰੇ ਕਰ ਲੈਣੀ ਚਾਹੀਦੀ ਹੈ, ਤਾਂ ਜੋ ਕਟਾਈ ਵੇਲੇ ਪੌਦਿਆਂ ਦੇ ਹਿੱਲਣ-ਜੁੱਲਣ ਨਾਲ ਫਲੀਆਂ ਦਾ ਨੁਕਸਾਨ ਨਾ ਹੋਵੇ ।

**ਬੀਜ ਦਾ ਝਾੜ** : ਕੱਟੀ ਹੋਈ ਫਸਲ ਨੂੰ ਬੀਜ ਵੱਖਰੇ ਰੱਖਣ ਲਈ ਕੁੱਟਣ ਜਾਂ ਗਾਹੁਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੁੱਕ ਜਾਣ ਦੇਣਾ ਚਾਹੀਦਾ ਹੈ । ਆਮ ਤੌਰ ਤੇ ਇਕ ਏਕੜ ਵਿੱਚੋਂ ਲਗਪਗ 75-100 ਕਿਲੋ ਬੀਜ ਮਿਲ ਜਾਂਦਾ ਹੈ ।

**ੲ) ਰਾਈਘਾਹ ਦਾ ਬੀਜ ਪੈਦਾ ਕਰਨਾ**

**ਬੀਜ ਲਈ ਛੱਡਣ ਲਈ ਆਖਰੀ ਕਟਾਈ** : ਚਾਰੇ ਵਾਲੀ ਫਸਲ ਨੂੰ ਅੱਧ ਮਾਰਚ ਤੋਂ ਬੀਜ ਲਈ ਛੱਡਣ ਦਾ ਠੀਕ ਸਮਾਂ ਹੈ । ਕਟਾਈ ਨੂੰ ਦੇਰੀ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਬੀਜ ਕਿਰ ਜਾਂਦਾ ਹੈ । ਆਖੀਰਲੀ ਚਾਰੇ ਵਾਲੀ ਕਟਾਈ ਤੋਂ ਬਾਅਦ ਵਧੇਰਾ ਬੀਜ ਲੈਣ ਲਈ ਅਤੇ ਫਸਲ ਨੂੰ ਢਹਿਣ ਤੋਂ ਬਚਾਉਣ ਲਈ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਪ੍ਰਤੀ ਏਕੜ ਹੀ ਪਾਓ ।

**ਬੀਜ ਦਾ ਝਾੜ** : ਇਸ ਦਾ ਬੀਜ ਜੂਨ ਦੇ ਪਹਿਲੇ ਹਫਤੇ ਤੱਕ ਪੱਕ ਜਾਂਦਾ ਹੈ ਅਤੇ ਬੀਜ ਦਾ ਔਸਤ 2-3 ਕੁਇੰਟਲ ਪ੍ਰਤੀ ਏਕੜ ਨਿਕਲ ਆਉਂਦਾ ਹੈ ।

# ਟਮਾਟਰਾਂ ਦੀ ਫਸਲ ਵਿੱਚ ਨਦੀਨਾਂ ਅਤੇ ਬਿਮਾਰੀਆਂ ਦੀ ਰੋਕਥਾਮ

## ਨਦੀਨਾਂ ਦੀ ਰੋਕਥਾਮ

ਸੈਨਕੋਰ 70 ਡਬਲਯੂ ਪੀ 300 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪਨੀਰੀ ਪੁੱਟ ਕੇ ਲਾਉਣ ਤੋਂ, 3-4 ਦਿਨ ਪਹਿਲਾਂ ਛਿੜਕਾਅ ਕਰੋ । ਨਦੀਨਨਾਸ਼ਕ ਦੀ ਸਪਰੇਅ ਸਮੇਂ ਖੇਤ ਵਿਚ ਵਧੀਆ ਵੱਤਰ ਹੋਣਾ ਜ਼ਰੂਰੀ ਹੈ । ਨਦੀਨਨਾਸ਼ਕ ਦੀ ਸਪਰੇਅ ਲਈ ਫਲੈਟ ਜੈਟ (ਕੱਟ) ਨੋਜ਼ਲ ਦੀ ਵਰਤੋਂ ਕਰੋ । ਫਸਲ ਤੋਂ ਚੰਗਾ ਝਾੜ ਲੈਣ ਲਈ ਨਦੀਨਨਾਸ਼ਕਾਂ ਦੀ ਸਿਫਾਰਸ਼ ਕੀਤੀ ਮਾਤਰਾ ਹੀ ਵਰਤੋ ਅਤੇ ਬਾਅਦ ਵਿਚ ਇਕ ਗੋਡੀ ਕਰੋ ।

## ਬਿਮਾਰੀਆਂ ਦੀ ਰੋਕਥਾਮ

**ਪਿਛੇਤਾ ਝੁਲਸ ਰੋਗ** : ਇਹ ਬਿਮਾਰੀ ਪਹਿਲਾਂ ਆਲੂਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਬਾਅਦ ਵਿਚ ਟਮਾਟਰ ਦੀ ਫਸਲ 'ਤੇ ਚਲੀ ਜਾਂਦੀ ਹੈ । ਸਿੱਲ੍ਹੇ ਮੌਸਮ ਵਿਚ ਥੋੜ੍ਹੇ ਸਮੇਂ ਵਿਚ ਹੀ ਪੱਤੇ ਝੁਲਸ ਜਾਂਦੇ ਹਨ ਅਤੇ ਫਸਲ ਦਾ ਭਾਰੀ ਨੁਕਸਾਨ ਹੁੰਦਾ ਹੈ । ਤਣੇ ਉੱਤੇ ਵੀ ਪਹਿਲਾਂ ਪਾਣੀ ਭਿੱਜੇ ਅਤੇ ਫਿਰ ਭੂਰੇ, ਲੰਬੂਤਰੇ ਦਾਗ ਪੈ ਜਾਂਦੇ ਹਨ । ਬਿਮਾਰੀ ਕੱਚੇ ਟਮਾਟਰਾਂ 'ਤੇ ਚਲੀ ਜਾਂਦੀ ਹੈ ਜਿਸ ਕਰਕੇ ਫਲਾਂ ਤੇ ਵੱਡੇ-ਵੱਡੇ ਸਖਤ ਭੂਰੇ ਹਰੇ ਚਟਾਕ ਪੈ ਜਾਂਦੇ ਹਨ । ਸਿੱਲ੍ਹ ਕਾਰਨ ਧੱਬਿਆਂ ਉੱਤੇ ਉੱਲੀ ਦਾ ਚਿੱਟਾ ਰੇਸ਼ਾ ਦਿਖਾਈ ਦਿੰਦਾ ਹੈ ਅਤੇ ਬਾਅਦ ਵਿਚ ਬਿਮਾਰੀ ਕਾਰਨ ਟਮਾਟਰ ਗਲ ਜਾਂਦੇ ਹਨ । ਮੀਂਹ ਅਤੇ ਪਾਣੀ ਨਾਲ ਬਿਮਾਰੀ ਅੱਗੇ ਵੱਧ ਜਾਂਦੀ ਹੈ ਅਤੇ ਅਨੁਕੂਲ ਮੌਸਮ ਦੌਰਾਨ ਕੁਝ ਦਿਨਾਂ ਵਿਚ ਹੀ ਫਸਲ ਤਬਾਹ ਹੋ ਜਾਂਦੀ ਹੈ । ਇਸ ਬਿਮਾਰੀ ਦੀ ਟਾਕਰਾ ਕਰਨ ਵਾਲਾ ਹਾਈਬ੍ਰਿਡ ਪੀ ਟੀ ਐੱਚ 2 ਲਗਾਓ । ਇਸ ਦੀ ਰੋਕਥਾਮ ਲਈ ਫਰਵਰੀ-ਮਾਰਚ ਦੌਰਾਨ 7 ਦਿਨਾਂ ਦੇ ਵਕਫੇ ਤੇ



ਇੰਡੋਫਿਲ ਐੱਮ 45 ਦਾ 600 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਮੀਂਹ ਪੈਣ ਤੋਂ ਤੁਰੰਤ ਪਿੱਛੋਂ ਕਰੋ । ਛਿੜਕਾਅ ਪੱਤਿਆਂ ਦੇ ਦੋਵੇ ਪਾਸੇ ਕਰੋ ।

**ਅਗੇਤਾ ਝੁਲਸ ਰੋਗ** : ਇਸ ਬਿਮਾਰੀ ਨਾਲ ਪੱਤੇ ਮੁਰਝਾਅ ਕੇ ਹੇਠਾਂ ਵੱਲ ਡਿੱਗ ਪੈਂਦੇ ਹਨ ਅਤੇ ਅੰਤ ਨੂੰ ਝੜ ਜਾਂਦੇ ਹਨ । ਇਸ ਬਿਮਾਰੀ ਦੀ ਉੱਲੀ ਸੁੱਕੇ ਪੱਤਿਆਂ ਵਿਚ ਇਕ ਸਾਲ ਤੱਕ ਜੀਵਿਤ ਰਹਿੰਦੀ ਹੈ । ਬਿਮਾਰੀ ਦੀ ਲਾਗ ਪੌਦੇ ਦੀ ਰਹਿੰਦ-ਖੂੰਹਦ ਅਤੇ ਬੀਜ ਰਾਹੀਂ ਲੱਗਦੀ ਹੈ । ਇਸ ਦੀ ਰੋਕਥਾਮ ਲਈ ਰੋਗ-ਰਹਿਤ ਬੀਜ ਵਰਤੋ, ਬੀਜ ਨੂੰ ਕੈਪਟਾਨ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਬਿਜਾਈ ਤੋਂ ਪਹਿਲਾਂ ਸੋਧੋ, ਫਸਲ ਨੂੰ ਖੇਤ ਵਿਚ ਲਾਉਣ ਤੋਂ ਬਾਅਦ 10-15 ਦਿਨਾਂ ਦੇ ਵਕਫੇ ਤੇ 600 ਗ੍ਰਾਮ ਪ੍ਰਤੀ ਏਕੜ ਇੰਡੋਫਿਲ ਐੱਮ 45 ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ।

**ਚਿਤਕਬਰਾ ਰੋਗ** : ਇਹ ਇਕ ਵਿਸ਼ਾਣੂੰ ਰੋਗ ਹੈ ਜੋ ਅਸਾਨੀ ਨਾਲ ਅੱਗੇ ਫੈਲ ਜਾਂਦਾ ਹੈ । ਇਹ ਰੋਗ ਖੇਤ ਵਿਚ ਕੰਮ ਕਰਨ ਵਾਲੇ ਆਦਮੀ ਤੇ ਕੰਮ ਕਰਨ ਲਈ ਵਰਤੇ ਜਾਂਦੇ ਸੰਦਾਂ ਰਾਹੀਂ ਇਕ ਤੋਂ ਦੂਜੇ ਬੂਟੇ ਤੱਕ ਜਾਂਦਾ ਹੈ । ਇਹ ਬਿਮਾਰੀ ਬੀਜ ਰਾਹੀਂ ਵੀ ਅੱਗੇ ਵਧਦੀ ਹੈ । ਇਸ ਬਿਮਾਰੀ ਦੀ ਰੋਕਥਾਮ ਲਈ ਵਿਸ਼ਾਣੂੰ ਰੋਗ ਤੋਂ ਮੁਕਤ ਬੀਜ ਲੈ ਕੇ ਪਨੀਰੀ ਬੀਜੋ । ਰੋਗੀ ਬੂਟੇ ਪੁੱਟ ਕੇ ਨਸ਼ਟ ਕਰੋ । ਪੌਦਿਆਂ ਨੂੰ ਐਵੇਂ ਨਾ ਛੂਹੋ । ਪਨੀਰੀ ਹਮੇਸ਼ਾ ਬਿਮਾਰੀ ਵਾਲੇ ਬੂਟਿਆਂ ਤੋਂ ਦੂਰ ਹੀ ਪੈਦਾ ਕਰੋ । ਪਨੀਰੀ ਤੋਂ ਸ਼ੁਰੂ ਕਰਕੇ 10 ਦਿਨਾਂ ਦੇ ਵਕਫੇ ਤੇ ਸਿਫਾਰਿਸ਼ ਕੀਟਨਾਸ਼ਕਾਂ ਦਾ ਛਿੜਕਾਅ ਕਰਦੇ ਰਹੋ ।

**ਗੁੱਛਾ ਮੁੱਛਾ ਰੋਗ** : ਇਸ ਬਿਮਾਰੀ ਨਾਲ ਬੂਟਾ ਜ਼ਿਆਦਾ ਸ਼ਾਖਾਵਾਂ ਕੱਢਦਾ ਹੈ ਅਤੇ ਝਾੜੀ ਨੁਮਾ ਹੋ ਜਾਂਦਾ ਹੈ । ਬਿਮਾਰ ਬੂਟੇ ਨੂੰ ਫੁੱਲ ਅਤੇ ਫਲ ਘੱਟ ਲੱਗਦੇ ਹਨ ਅਤੇ ਕਈ ਵਾਰ ਫਸਲ ਖਤਮ ਹੋ ਜਾਂਦੀ ਹੈ । ਇਹ ਬਿਮਾਰੀ ਚਿੱਟੀ ਮੱਖੀ ਰਾਹੀਂ ਫੈਲਦੀ ਹੈ । ਇਸ ਦੀ ਰੋਕਥਾਮ ਲਈ ਬਿਮਾਰੀ ਵਾਲੇ ਬੂਟੇ ਸ਼ੁਰੂ ਵਿੱਚ ਹੀ ਪੁੱਟ ਕੇ ਨਸ਼ਟ ਕਰੋ । ਪਨੀਰੀ ਅਤੇ ਖੇਤ ਵਿਚ ਚਿੱਟੀ ਮੱਖੀ ਨੂੰ ਰੋਕਣ 400 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਫਲ ਪੈਣ ਤੋਂ ਪਹਿਲਾਂ ਛਿੜਕਾਅ ਕਰੋ । ਲੋੜ ਅਨੁਸਾਰ 10 ਦਿਨਾਂ ਦੇ ਵਕਫੇ ਤੇ ਛਿੜਕਾਅ ਦੁਹਰਾਓ । ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀਆ ਕਿਸਮਾਂ ਪੰਜਾਬ ਵਰਖਾ ਬਹਾਰ-4, ਪੰਜਾਬ ਵਰਖਾ ਬਹਾਰ-2 ਤੇ ਪੰਜਾਬ ਵਰਖਾ ਬਹਾਰ-1 ਨੂੰ ਉਗਾਓ ।

**ਅਮਨਦੀਪ ਕੌਰ, ਗੁਰਬੀਰ ਕੌਰ ਅਤੇ ਰਿਤੂ ਰਾਜ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ, ਮੋ. 78892-94391**

# ਘਰਾਂ 'ਚੋਂ ਅਲੋਪ ਹੋ ਰਿਹਾ 'ਚਰਖਾ'



ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿ ਸਮਰਾਲਾ,
ਜ਼ਿਲ੍ਹਾ ਲੁਧਿਆਣਾ ।
ਮੋਬਾ: 7527931887


ਪਹਿਲੇ ਸਮਿਆਂ 'ਚ ਜਦ ਹਰ ਕੰਮ ਹੱਥੀਂ ਕੀਤਾ ਜਾਂਦਾ ਸੀ, ਮਸ਼ੀਨੀ ਯੁੱਗ ਅਜੇ ਨਹੀਂ ਆਇਆ ਸੀ, ਉਸ ਸਮੇਂ ਤਨ ਢੱਕਣ ਲਈ ਕੱਪੜਾ ਤਿਆਰ ਕਰਨ ਲਈ ਰੂੰ 'ਚੋਂ ਧਾਗਾ ਚਰਖਿਆਂ ਰਾਹੀਂ ਕੱਤ ਕੇ ਬਣਾਇਆ ਜਾਂਦਾ ਸੀ । ਰੂੰ ਕਪਾਹ ਦੇ ਪੌਦੇ ਨੂੰ ਲਗਦਾ ਹੈ । ਚਰਖਾ ਲੱਕੜ ਦੇ ਗੋਲ ਚੱਕਰਾਂ, ਥੋੜ੍ਹੇ ਜਿਹੇ ਲੋਹੇ ਮਤਲਬ ਤੱਕਲੇ (ਤੱਕਲਾ ਲੋਹੇ ਦਾ ਸੂਆ ਹੁੰਦਾ ਹੈ) ਅਤੇ ਧਾਗੇ ਜਾਣੀ ਮਾਲ੍ਹ ਦੇ ਸੁਮੇਲ ਨਾਲ ਬਣਿਆ ਹੁੰਦਾ ਸੀ । ਇਹ ਹੱਥ ਨਾਲ ਗੇੜਾ ਦੇ ਕੇ ਚਲਦਾ ਸੀ । ਸਭ ਤੋਂ ਵਧੀਆ ਚਰਖਾ ਟਾਹਲੀ ਦੀ ਲੱਕੜ ਦਾ ਗਿਣਿਆ ਜਾਂਦਾ ਸੀ । ਦੂਜੀਆਂ ਲੱਕੜਾਂ ਦੇ ਵੀ ਚਰਖੇ ਬਣਾਏ ਜਾਂਦੇ ਸਨ :

'ਕਿੱਕਰ ਦਾ ਮੇਰਾ ਚਰਖਾ ਮਾਏ,
ਟਾਹਲੀ ਦਾ ਕਰਵਾ ਦੇ ।
ਏਸ ਚਰਖੇ ਦਾ ਹਿੱਲੇ ਮਝੇਰੂ,
ਮਾਲ੍ਹਾਂ ਬੜੀਆਂ ਖਾਵੇ ।
ਮੇਰੇ ਨਾਲ ਦੀਆਂ ਕੱਤ ਕੇ ਸੌਂ ਗਈਆਂ, ਮੈਥੋਂ ਕੱਤਿਆ ਨਾ ਜਾਵੇ ।
ਚਰਖਾ ਬੂ ਚੰਦਰਾ, ਮੇਰੀ ਨੀਂਦ ਗਵਾਵੇ ।''

ਇਸ ਨੂੰ ਬਣਾਉਣ ਲਈ ਕਾਰੀਗਰ ਜਿੱਥੇ ਵਧੀਆ ਕਿਸਮ ਦੀ ਲੱਕੜ ਦੀ ਚੋਣ ਕਰਦਾ ਸੀ, ਉੱਥੇ ਉਹ ਇਸ ਦੇ ਹਾਰ-ਸ਼ਿੰਗਾਰ ਲਈ ਸੋਨੇ ਅਤੇ ਚਾਂਦੀ ਰੰਗੀਆਂ ਮੇਖਾਂ ਅਤੇ ਇਸ ਦੇ ਚੱਕਰੇ 'ਚ ਸ਼ੀਸ਼ੇ ਵੀ ਜੜਿਆ ਕਰਦਾ ਸੀ ਅਤੇ ਇਸ ਨੂੰ ਵੱਖ-ਵੱਖ ਰੰਗਾਂ ਦੁਆਰਾ ਰੰਗ ਕਰਕੇ ਰੰਗ-ਬਰੰਗੀਆਂ ਧਾਰੀਆਂ ਨਾਲ ਸਜਾਇਆ ਕਰਦਾ ਸੀ । ਆਮ ਤੌਰ 'ਤੇ ਹਰ ਘਰ 'ਚ ਤਿੰਨ-ਤਿੰਨ, ਚਾਰ-ਚਾਰ ਚਰਖੇ ਹੁੰਦੇ ਸਨ । ਕੁੜੀਆਂ, ਬਹੂਆਂ ਅਤੇ ਬੁੜੀਆਂ ਘਰਾਂ 'ਚ ਚਰਖੇ ਕੱਤਦੀਆਂ ਹੁੰਦੀਆਂ ਸਨ । ਚਰਖਾ ਮਹਿਲਾਵਾਂ ਦੇ ਵਰਤਣ ਵਾਲੀ ਚੀਜ਼ ਹੋਣ ਕਰਕੇ ਇਹ ਇਸਤਰੀ ਵਰਗ ਦੇ ਬਹੁਤ ਜ਼ਿਆਦਾ ਨਜ਼ਦੀਕ ਰਿਹਾ ਹੈ । ਸੁਆਣੀਆਂ ਚੁਗੀ ਹੋਏ ਰੂੰ ਨੂੰ ਵੇਲਣੇ ਵਿਚ ਪਿੰਜ ਕੇ ਕਾਨ੍ਹੇ ਦੀ ਤੀਲ ਨਾਲ ਇਸ ਦੀ ਪੂਣੀਆਂ ਬਣਾ ਲੈਂਦੀਆਂ ਸਨ । ਪੂਣੀਆਂ ਬਣਾਉਣ ਤੋਂ ਬਾਅਦ ਇਸਨੂੰ ਕੱਤਣ ਲਈ ਸੁਆਣੀਆਂ ਆਪਣੀਆਂ ਕੰਮ-ਧੰਦਾ ਨਿਬੇੜ ਕੇ ਚਰਖਾ ਡਾਹ ਲਿਆ ਕਰਦੀਆਂ ਸਨ ਅਤੇ ਦੇਰ ਰਾਤ ਤੱਕ ਕੱਤਿਆ ਕਰਦੀਆਂ ਸਨ । ਗਰਮੀਆਂ ਦੀਆਂ ਦੁਪਹਿਰਾਂ ਜਾਂ ਸਰਦੀਆਂ ਦੀਆਂ ਰਾਤਾਂ ਨੂੰ ਆਮ ਤੌਰ 'ਤੇ ਕਿਸੇ ਖੁੱਲ੍ਹੇ ਘਰ ਦੇ ਵਿਹੜੇ, ਦਰਵਾਜ਼ਿਆਂ, ਬੋਹੜਾਂ, ਨਿੰਮਾਂ ਦੀ ਘਣੀ ਸੰਘਣੀ ਛਾਂ ਹੇਠ ਜਾਂ ਸਬਾਤ ਵਿਚ ਤ੍ਰਿੰਝਣ ਲਗਦੇ ਹੁੰਦੇ ਸਨ । ਗਲੀ-ਗਵਾਂਢ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਤ੍ਰਿੰਝਣ ਕਿਹਾ ਜਾਂਦਾ ਸੀ ।



ਸੁਆਣੀਆਂ ਆਪਣੇ-ਆਪਣੇ ਚਰਖੇ, ਬੋਹੀਏ 'ਚ ਪੂਣੀਆਂ 'ਤੇ ਬੈਠਣ ਲਈ ਪੀੜ੍ਹੀਆਂ ਲੈ ਕੇ ਇਕ ਮਿੱਥੀ ਹੋਈ ਥਾਂ 'ਤੇ ਪਹੁੰਚ ਜਾਂਦੀਆਂ ਸਨ । ਜਦ ਕੁੜੀਆਂ ਤ੍ਰਿੰਝਣ 'ਚ ਕੱਤਦੀਆਂ ਸਨ ਤਾਂ ਉਨ੍ਹਾਂ ਦੀ ਆਪਸ 'ਚ ਨੋਕ-ਝੋਕ ਵੀ ਚਲਦੀ ਰਹਿੰਦੀ ਸੀ । ਗੀਤ ਵੀ ਗਾਉਂਦੀਆਂ ਸਨ । ਭੁੱਜੇ ਦਾਣੇ, ਗੁੜ ਤੇ ਮੂੰਗਫਲੀ ਵੀ ਖਾਂਦੀਆਂ ਰਹਿੰਦੀਆਂ ਸਨ ਅਤੇ ਨਾਲ ਹੀ ਹੋਰ ਕੰਮ ਜਿਵੇਂ ਕਢਾਈ, ਬੁਣਾਈ ਵੀ ਕਰਦੀਆਂ ਰਹਿੰਦੀਆਂ ਸਨ । ਜਦ ਇਨ੍ਹਾਂ ਤ੍ਰਿੰਝਣ ਕੱਤਦੀਆਂ ਕੁੜੀਆਂ ਦੇ ਵਿਆਹ ਹੋ ਜਾਂਦੇ ਸਨ, ਫਿਰ ਤਾ ਇਨ੍ਹਾਂ ਦਾ ਕਦੇ-ਕਦਾਈਂ ਹੀ ਮੇਲ ਹੁੰਦਾ ਸੀ-



'ਬੇੜੀ ਦਾ ਪੂਰ, ਤ੍ਰਿੰਝਣ ਦੀਆਂ ਕੁੜੀਆਂ, ਸਬੱਬ ਨਾਲ ਹੋਣ ਕੱਠੀਆਂ,

ਵਿਆਹ ਤੋਂ ਬਾਅਦ ਕਈ ਵਾਰ ਮਾਵਾਂ ਨੂੰ ਆਪਣੀ ਕੁੜੀ ਦੀਆਂ ਸਹੇਲੀਆਂ ਨੂੰ ਤ੍ਰਿੰਝਣਾ ਵਿਚ ਕੱਤਦੀਆਂ ਦੇਖ ਕੇ ਆਪਣੀਆਂ ਧੀਆਂ ਯਾਦ ਆ ਜਾਂਦੀਆਂ ਸਨ -

ਤ੍ਰਿੰਝਣਾਂ ਦੇ ਵਿਚ ਕੱਤਣ ਸਹੇਲੀਆਂ, ਗੁੱਡੀਆਂ ਨਾਲ ਗੁੱਡੀਆਂ ਜੋੜ ।
ਹੁਣ ਕਿਉਂ ਰੋਨੀ ਏ, ਧੀਆਂ ਨੂੰ ਸਹੁਰੇ ਤੋਰ ।

ਦਹੇਜ ਵਿਚ ਆਏ ਚਰਖੇ ਨੂੰ ਕੱਤਦੀਆਂ ਸੁਆਣੀਆਂ ਆਪਣੇ ਮਾਪਿਆਂ ਨੂੰ ਯਾਦ ਕਰਦੀਆਂ ਉਦਾਸੀ ਦੇ ਬੋਲ ਗਾਉਂਦੀਆਂ ਸਨ-

ਚਰਖਾ ਮੇਰਾ ਰੰਗਲਾ-ਧੌਣਾ ਵਿਚ ਸੋਨੇ ਦੀਆਂ ਮੇਖਾਂ ।
ਮਾਂ ਮੈਂ ਤੈਨੂੰ ਯਾਦ ਕਰਾਂ ਜਦ ਚਰਖੇ ਵੱਲ ਵੇਖਾਂ ।

ਦਾਜ 'ਚ ਸੰਦੂਕ ਵਾਂਗ ਚਰਖਾ ਵੀ ਇਕ ਮੁੱਖ ਚੀਜ਼ ਹੁੰਦੀ ਸੀ । ਗੱਲ ਕੀ ਚਰਖੇ ਤੋਂ ਬਿਨਾਂ ਦਾਜ ਨੂੰ ਅਧੂਰਾ ਗਿਣਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ ਇਸ ਦੀ ਮਾਂ ਨੇ ਇਸ ਨੂੰ ਚਰਖਾ ਕੱਤਣਾ ਵੀ ਨਹੀਂ ਸਿਖਾਇਆ, ਜਿਹੜਾ ਇਹ ਆਪਣੇ ਦਾਜ 'ਚ ਚਰਖਾ ਨਹੀਂ ਲੈ ਕੇ ਆਈ । ਸਿਆਣੀ ਉਮਰ ਦੀਆਂ ਔਰਤਾਂ ਚਰਖੇ ਨਾਲ ਆਪਣਾ ਸਮਾਂ ਵੀ ਵਧੀਆ ਢੰਗ ਨਾਲ ਬਤੀਤ ਕਰ ਲਿਆ ਕਰਦੀਆਂ ਸਨ । ਸੋ ਪੂਣੀਆਂ ਨੂੰ ਕੱਤ ਕੇ ਗਲੋਟੇ ਕੀਤੇ ਜਾਂਦੇ ਸੀ ਅਤੇ ਅਟੇਰਨੇ ਦੀ ਮਦਦ ਨਾਲ ਗਲੋਟੇ ਨੂੰ ਲੱਛਿਆਂ ਦਾ ਰੂਪ ਦੇ ਕੇ ਇਨ੍ਹਾਂ ਤੋਂ ਸੂਤ ਤਿਆਰ ਕਰ ਲਿਆ ਜਾਂਦਾ ਸੀ । ਇਸੇ ਸੂਤ ਤੋਂ ਹੀ ਦਰੀਆਂ, ਖੇਸ-ਖੇਸੀਆਂ, ਚਾਦਰਾਂ, ਦੋਲੇ, ਹੱਥ-ਪੱਖੇ, ਮੰਜੇ, ਪੀੜ੍ਹੀਆਂ ਅਤੇ ਪਹਿਨਣ ਲਈ ਖੱਦਰ ਆਦਿ ਬਣਾਇਆ ਜਾਂਦਾ ਸੀ । ਕੱਤਣ ਵਾਲੀਆਂ ਕਮਾਲ ਕਰ ਦਿੰਦੀਆਂ ਸਨ, ਬੇਸ਼ੁਮਾਰ ਕੱਤ-ਕੱਤ ਕੇ ਸੰਦੂਕ ਅਤੇ ਪੇਟੀਆਂ ਭਰ ਲੈਂਦੀਆਂ ਸਨ । ਅੱਧੇ ਵੱਧ ਘਰ ਦੀਆਂ ਲੋੜਾਂ ਚਰਖਾ ਪੂਰੀਆਂ ਕਰ ਦਿੰਦਾ ਸੀ । ਬਹੁਤ ਹੀ ਘੱਟ ਵਸਤਾਂ ਸ਼ਹਿਰਾਂ ਤੋਂ ਲਿਆਂਦੀਆਂ ਜਾਂਦੀਆਂ ਸਨ । ਹੁਣ ਉਹ ਦੌਰ ਨਹੀਂ ਰਿਹਾ । ਹੁਣ ਚਰਖਾ ਵਿਚਾਰਾ ਬਹੁਤਿਆਂ ਘਰਾਂ 'ਚ ਲੱਭਦਾ ਹੀ ਨਹੀਂ, ਜੇ ਕਿਤੇ ਮਿਲਦਾ ਵੀ ਹੈ ਤਾਂ ਉਹ ਵੀ ਕਿਸੇ ਖੂੰਜੇ ਧੂੜ ਮਿੱਟੀ ਨਾਲ ਭਰਿਆ ਮਿਲੇਗਾ । ਇਹੋ ਜਿਹੀਆਂ ਚੀਜ਼ਾਂ ਜੋ ਕਦੇ ਸਾਡੇ ਅੰਗ-ਸੰਗ ਹੁੰਦੀਆਂ ਸਨ । ਉਹ ਸਾਡੇ ਤੋਂ ਕੋਹਾਂ ਦੂਰ ਜਾ ਰਹੀਆਂ ਹਨ ਅਤੇ ਚਲੀਆਂ ਗਈਆਂ ਹਨ ।

# ਕੀ ਚਿੰਤਾ ਦਾ ਵਿਸ਼ਾ ਹਨ ਮਨੁੱਖੀ ਅਧਿਕਾਰਾਂ ਦਾ ਘਾਣ ?

ਮੁੱਢਲਾ ਹੱਕ ਮਨੁੱਖੀ ਸ੍ਰਿਸ਼ਟੀ ਉੱਪਰ ਸਾਫ ਹਵਾ, ਸੁੱਥਰਾ ਪਾਣੀ ਸੰਤੁਲਨ ਭੋਜਨ ਹੈ । ਮਨੁੱਖ ਦੀ ਸ੍ਰਿਸ਼ਟੀ ਉੱਪਰ ਜਨਮ, ਬੁੱਧੀ ਅਤੇ ਪ੍ਰਫੁੱਲਤਾ ਦੇ ਚੱਲਦਿਆਂ ਸ਼ੈਤਾਨ ਚਲਾਕ ਪ੍ਰਵਿਰਤੀ ਵਾਲੇ ਲੋਕਾਂ ਦੇ ਮਨੁੱਖ ਦੇ ਮੁੱਢਲੇ ਹੱਕਾਂ ਦਾ ਹਨਨ ਕੀਤਾ ਇਸਤਰ੍ਹਾਂ ਇਹ ਵਰਤਾਰਾ ਲਗਾਤਾਰ ਜਾਰੀ ਹੈ । ਇਸ ਵਰਤਾਰੇ ਨਾਨ ਮਹਾਨ ਯੁੱਧ ਹੋਏ, ਤਕੜੇ ਨੇ ਮਾੜੇ ਨੂੰ ਮਾਰਨ ਦੀ ਸੋਚ ਮਨੁੱਖ ਨੂੰ ਗੁਲਾਮ ਤੇ ਉਸਦੀ ਸੋਚ ਨੂੰ ਗੁਲਾਮ ਕਰਨ ਦਾ ਯਤਨ ਕਰਿਆ । ਇਹ ਸੰਸਾਰ ਪੱਧਰ ਤੇ ਵਾਪਰੀ ਸੰਸਾਰ ਯੁੱਧ ਹੋਏ । ਅਸੀਂ ਮਹਾਨ ਦੇਸ਼ ਦੇ ਵਾਸੀ ਬੁਰੀ ਤਰ੍ਹਾਂ ਮਨੁੱਖੀ ਹੱਕਾਂ ਦਾ ਘਾਟ ਦੇ ਪੀੜਤ ਹਾਂ । ਪਿਛਲੇ ਇਕ ਦਹਾਕੇ ਤੋਂ ਭਾਰਤੀਆਂ ਦੇ ਮੁੱਢਲੇ ਅਧਿਕਾਰਾਂ ਤੇ ਜਿਵੇਂ ਛਾਪਾ ਮਾਰਿਆ ਜਾ ਰਿਹਾ ਹੈ । ਉਹਨਾਂ ਦੀ ਬੋਲਚਾਲ ਦੀ ਅਜ਼ਾਦੀ ਖੋਹੀ ਜਾ ਰਹੀ ਹੈ । ਹੈਰਾਨੀ ਦੀ ਗੱਲ ਹੈ ਕਿ ਮੌਜੂਦਾ ਹਕੂਮਤ ਆਮ ਭਲੇ ਦੀ ਗੱਲ ਕਰਦੀ ਹੈ ਲੋਕਾਂ ਲਈ ਨਵੀਂ ਸਕੀਮਾਂ ਘੜਦੀ ਹੈ । ਰੁਜ਼ਗਾਰ ਪ੍ਰਦਾਨ ਕਰਕੇ ਫੋਕੇ ਐਲਾਨ ਕਰਦੀ ਹੈ । ਪਰ ਅਸਲੀ ਗੱਲ ਇਹ ਹੈ ਕਿ ਸਭ ਕਾਰਪੋਰੇਟ ਜਗਤ ਨੂੰ ਸੌਂਪ ਕੇ ਸਿਰਫ ਆਪਣੀ ਰਾਜ ਗੱਦੀ ਪੱਕੀ ਕਰਨ ਦੇ ਆਹਰ ਵਿਚ ਲੱਗੀ ਹੈ । ਮਨੁੱਖੀ ਅਧਿਕਾਰਾਂ ਦਾ ਘਾਣ ਜਿਸ ਤਰੀਕੇ ਮੌਜੂਦਾ ਦੌਰ ਵਿਚ ਦਿੱਲੀ ਦੀ ਕੇਂਦਰ ਸਰਕਾਰ ਹੁਣ ਕਰ ਰਹੀ ਹੈ । ਸ਼ਾਇਦ ਇਹ ਸਭ ਤੋਂ ਮਨੁੱਖੀ ਅਧਿਕਾਰਾਂ ਉਲੰਘਣਾ ਦੀ ਬਹੁਤ ਵੱਡੀ ਮਿਸਾਲ ਹੈ । ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਦੀ ਬਰੂਹਾਂ ਤੇ ਆਪਣੀਆਂ ਮੰਗਾਂ ਨਾ ਮੰਨੇ ਜਾਣ ਤੇ ਰੋਸ ਪ੍ਰਗਟ ਕਰਨ ਲਈ ਜਾ ਰਹੇ ਹਨ ਉਹਨਾਂ ਉੱਪਰ ਧੂਏ ਵਾਲੇ ਗੋਲੇ ਸੁੱਟਣਾ ਅਤੇ ਉਹਨਾਂ ਨੂੰ ਰੋਕਣਾ ਕੀ ਸੰਵਿਧਾਨ ਚ ਮਿਲੇ ਅਧਿਕਾਰਾਂ ਦੀ ਉਲੰਘਣਾ ਨਹੀਂ ? ਕਿਸਾਨ ਅੰਦੋਲਨ ਦਾ ਘਟਨਾਕ੍ਰਮ ਸਭ ਦੇ ਸਾਹਮਣੇ ਹੈ । ਇੰਨਾ ਸਮਾਂ ਲੱਗਣ ਤੇ ਕਿਸਾਨਾਂ ਦੀ ਮੰਗਾਂ ਨਾ ਮੰਨਣਾ ਜਾਂ ਨਾ ਵਿਚਾਰ ਕਰਨਾ ਤੇ ਫੇਰ ਸਿਰਫ ਗੁੰਮਰਾਹਕੁੰਨ ਬਿਆਨਬਾਜ਼ੀ ਨਾਲ ਉਹਨਾਂ ਦੇ ਅੰਦੋਲਨ ਨੂੰ ਤਾਰਪੀਡੋ ਕਰਨਾ ਕਿੰਨਾ ਕੁ ਜਾਇਜ਼ ਹੈ ? ਇਸ ਤੋਂ ਇਹ ਸਾਬਤ ਹੈ ਸਰਕਾਰ ਦੀਆਂ ਇਹ ਗਰੰਟੀਆਂ ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਣ ਲਈ ਕਹਾਵਤ ਸਾਬਤ ਹੋ ਚੁੱਕੀਆਂ ਸਮਾਜਿਕ ਬੇਇਨਸਾਫੀ ਦੇ ਦੌਰ ਵਿਚ ਮਨੁੱਖੀ ਅਧਿਕਾਰਾਂ ਦੀ ਜੋ ਗਰੰਟੀ ਘਟਦੀ ਜਾ ਰਹੀ ਹੈ । ਉਸਨੂੰ ਰੋਕਣਾ ਸਮੇਂ ਦੀ ਜ਼ਰੂਰਤ ਹੈ । ਮਨੁੱਖੀ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਦੁਰ-ਵਿਹਾਰ ਜਾਂ ਮੱਤਭੇਦ ਤੋਂ ਬਚਾਉਂਦਾ ਹੈ । ਕਿਉਂਕਿ ਉਸ ਸਭ ਨੂੰ ਸਰੀਰਕ ਬੌਧਿਕ ਰੂਪ ਵਿਚ ਵਿਕਸਿਤ ਹੋਣ ਦਾ ਬਰਾਬਰ ਦਾ ਅਧਿਕਾਰ ਹੈ ।




ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲ੍ਹਾ ਫਿਰੋਜ਼ਪੁਰ-152028
ਮੋ: 7814490249



# ਗੁਣਕਾਰੀ ਬਾਥੂ

ਸਰਦੀਆਂ ਵਿਚ ਸਾਗ ਦੀ ਬਹਾਰ ਹੁੰਦੀ ਹੈ । ਪਾਲਕ, ਮੇਥੀ, ਸਰ੍ਹੋਂ, ਬਾਥੂ ਇਸੇ ਮੌਸਮ ਵਿਚ ਆਉਂਦੇ ਹਨ । ਸਰਦੀਆਂ ਵਿਚ ਸਾਗ ਖਾਣ ਦਾ ਮਜ਼ਾ ਹੀ ਕੁਝ ਵੱਖਰਾ ਹੁੰਦਾ ਹੈ । ਮੱਖਣ, ਦੇਸੀ ਘਿਓ ਦਾ ਤੜਕਾ ਲੱਗਿਆ ਸਾਗ ਅਤੇ ਮੱਕੀ ਦੀ ਰੋਟੀ ਪੰਜਾਬ ਦਾ ਮੁੱਖ ਭੋਜਨ ਹੈ । ਬਾਥੂ ਸਵਾਦ ਅਤੇ ਗੁਣਾਂ ਵਿਚ ਆਪਣੀ ਇਕ ਵੱਖਰੀ ਪਛਾਣ ਰੱਖਦਾ ਹੈ ਕਿਉਂਕਿ ਬਾਥੂ ਦਾ ਹਰਾ ਰਾਇਤਾ ਬਣਦਾ ਹੈ ਜੋ



ਦੇਖਣ ਵਿਚ ਸੁੰਦਰ ਲਗਦਾ ਹੈ ।

ਬਾਥੂ ਖਾਣ ਨਾਲ ਹਾਜ਼ਮਾ ਕਿਰਿਆ ਮਜ਼ਬੂਤ ਹੁੰਦੀ ਹੈ ਅਤੇ ਕਬਜ਼ ਦੂਰ ਹੋ ਜਾਵੇਗੀ । ਬਚੇ ਹੋਏ ਬਾਥੂ ਦੇ ਪੱਤਿਆਂ ਨੂੰ ਆਟੇ ਵਿਚ ਗੁੰਨ੍ਹ ਲਓ ।

ਬਾਥੂ ਦਾ ਪਾਣੀ ਲਿਟਰ ਰੋਗਾਂ ਵਿਚ ਵੀ ਲਾਭਕਾਰੀ ਹੁੰਦਾ ਹੈ ।

ਬਾਥੂ ਦੀ ਰੋਜ਼ ਵਰਤੋਂ ਨਾਲ ਬਵਾਸੀਰ ਦੂਰ ਕਰਨ ਵਿਚ ਮਦਦ ਮਿਲਦੀ ਹੈ ।

ਬਾਥੂ ਦੇ ਰਸ ਵਿਚ ਥੋੜ੍ਹਾ ਨਮਕ ਮਿਲਾ ਕੇ ਬੱਚੇ ਨੂੰ ਦੇਣ ਨਾਲ ਪੇਟ ਦੇ ਕੀੜਿਆਂ ਤੋਂ ਛੁਟਕਾਰਾ ਮਿਲਦਾ ਹੈ ।

ਦੋ ਕੱਪ ਬਾਥੂ ਦੇ ਰਸ ਵਿਚ ਅੱਧਾ ਕੱਪ ਸਰ੍ਹੋਂ ਦਾ ਤੇਲ ਮਿਲਾਓ ਅਤੇ ਗਰਮ ਕਰੋ । ਉਦੋਂ ਤੱਕ ਗਰਮ ਕਰੋ ਜਦੋਂ ਤੱਕ ਸਿਰਫ ਤੇਲ ਹੀ ਹੇਠਾਂ ਬਚ ਜਾਵੇ । ਇਸ ਤੇਲ ਨੂੰ ਚਮੜੀ ਦੇ ਉਸ ਹਿੱਸੇ 'ਤੇ ਲਗਾਓ ਜਿੱਥੇ ਖਾਰਸ਼, ਐਗਜ਼ੀਮਾ ਆਦਿ ਹੋਵੇ । ਚਮੜੀ 'ਤੇ ਹੋਣ ਵਾਲੀ ਖਾਰਸ਼ ਸ਼ਾਂਤ ਹੋਵੇਗੀ ।

ਬਾਥੂ ਦਾ ਸੂਪ ਪੀਓ ਅਤੇ ਬਾਥੂ ਦਾ ਸਾਗ ਖਾਓ । ਇਹ ਸਿਹਤ ਲਈ ਬਹੁਤ ਲਾਭਕਾਰੀ ਹੈ ।

ਬਾਥੂ ਦੀਆਂ ਪੱਤੀਆਂ ਨੂੰ ਉਬਾਲ ਕੇ ਛਾਣ ਲਓ । ਉਸ ਪਾਣੀ ਨਾਲ ਵਾਲ ਧੋਵੋ । ਜੂੰਆਂ ਮਰ ਜਾਣਗੀਆਂ ਅਤੇ ਵਾਲ ਸਾਫ ਹੋਣਗੇ ।

ਬਾਥੂ ਦੀ ਲਗਾਤਾਰ ਵਰਤੋਂ ਨਾਲ ਕਿਡਨੀ ਸਮੱਸਿਆ ਠੀਕ ਹੁੰਦੀ ਹੈ, ਪੱਥਰੀ ਨਹੀਂ ਬਣਦੀ ਅਤੇ ਪਿਸ਼ਾਬ ਖੁੱਲ੍ਹ ਕੇ ਆਉਂਦਾ ਹੈ ।

2-3 ਮਹੀਨੇ ਤੱਕ ਲਗਾਤਾਰ ਤਾਜ਼ੇ ਬਾਥੂ ਦਾ 2 ਚਮਚ ਰਸ ਪੀਣ ਨਾਲ ਜੋੜਾਂ ਦੇ ਦਰਦ ਵਿਚ ਵੀ ਆਰਾਮ ਮਿਲਦਾ ਹੈ ।

**ਸੁਦਰਸ਼ਨ ਚੌਧਰੀ**

# ਭਰੀ ਜਾ ਬਈ ਚੋਈ ਜਾ, ਦੁੱਧ ਦੀ ਵਲਟੋਹੀ ਢੋਹੀ ਜਾ

## ਪੀ.ਡੀ.ਐਫ.ਏ. ਐਕਸਪੋ ਵਿੱਚ ਨੂਰਪੁਰਾ ਹਕੀਮਾਂ ਦੀ ਗਊ ਨੇ ਮੁੜ 88 ਕਿਲੋ ਦੁੱਧ ਦਿੰਦਿਆਂ ਤੋੜਿਆ ਰਿਕਾਰਡ

'ਭਰੀ ਜਾ ਬਈ ਚੋਈ ਜਾ, ਦੁੱਧ ਦੀ ਵਲਟੋਹੀ ਢੋਹੀ ਜਾ' ਕਿਸੇ ਵੇਲੇ ਆਮ ਹੀ ਟੀ. ਵੀ. 'ਤੇ ਸੁਣਾਈ ਦੇਣ ਵਾਲੇ ਇਹ ਲਫਜ਼ ਐਤਵਾਰ ਨੂੰ ਪੀ. ਡੀ. ਐਫ. ਏ. ਡੇਅਰੀ ਅਤੇ ਖੇਤੀ ਐਕਸਪੋ ਵਿੱਚ ਦੁੱਧ ਚੋਣ ਦੇ ਮੁਕਾਬਲੇ ਮੌਕੇ ਸੱਚ ਸਾਬਿਤ ਹੁੰਦੇ ਦਿਸੇ। ਜਦੋਂ ਇੱਥੇ ਇੱਕ ਗਊ ਦੀਆਂ ਧਾਰਾਂ ਕੱਢਦਿਆਂ ਇੱਕ ਤੋਂ ਬਾਅਦ ਇੱਕ ਦੂਜਾ ਭਾਂਡਾ ਲੈਣਾ ਪੈ ਰਿਹਾ ਸੀ। ਗਊ ਨੇ 81.960 ਦੁੱਧ ਦੇ ਕੇ ਦੁੱਧ ਦੇਣ ਦਾ ਨਵਾਂ ਕੌਮੀ ਰਿਕਾਰਡ ਕਾਇਮ ਕਰ ਦਿੱਤਾ। ਬਾਅਦ ਵਿੱਚ ਗਊ ਦੇ ਮਾਲਕ ਨੂੰ ਪੀ. ਡੀ. ਐਫ. ਏ. ਵੱਲੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਸਨਮਾਨਿਤ ਕੀਤਾ।

ਜਗਰਾਓਂ ਪਸ਼ੂ ਮੰਡੀ ਵਿੱਚ 18ਵੇਂ ਕੌਮਾਂਤਰੀ ਪੀ. ਡੀ. ਐਫ. ਏ. ਡੇਅਰੀ ਤੇ ਖੇਤੀ ਐਕਸਪੋ 2025 ਦੌਰਾਨ ਐਤਵਾਰ ਨੂੰ ਗਊਆਂ ਦੇ ਦੁੱਧ ਚੋਣ ਦੇ ਮੁਕਾਬਲੇ ਹੋਏ। ਇਸ ਮੁਕਾਬਲੇ ਵਿੱਚ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਪਸ਼ੂ-ਪਾਲਕ ਆਪਣੀਆਂ ਗਊਆਂ ਲੈ ਕੇ ਪੁੱਜੇ ਸਨ। ਮੁਕਾਬਲੇ ਵਿੱਚ ਨੂਰਪੁਰ ਹਕੀਮਾਂ ਦੇ ਹਰਪ੍ਰੀਤ ਦੀ ਗਊ ਨੇ 81.960 ਕਿਲੋ ਦੁੱਧ ਦਿੱਤਾ। ਇਸ ਨਾਲ ਉਸ ਨੇ ਆਪਣਾ ਹੀ ਪਿਛਲੇ ਸਾਲ ਦਾ ਰਿਕਾਰਡ ਤੋੜਦਿਆਂ ਨਵਾਂ ਕੌਮੀ ਰਿਕਾਰਡ ਕਾਇਮ ਕਰ ਦਿੱਤਾ। ਇਸ ਤੋਂ ਇਲਾਵਾ ਇਸੇ ਮੁਕਾਬਲੇ ਵਿੱਚ ਪਟਿਆਲਾ ਦੇ ਪਿੰਡ ਪਾਲੀਆ ਖੁਰਦ ਦੇ ਅਗਰਦੀਪ ਸਿੰਘ ਦੀ ਗਊ ਨੇ 78.570 ਕਿਲੋਗ੍ਰਾਮ ਦੁੱਧ ਦਿੰਦਿਆਂ ਦੂਜਾ ਸਥਾਨ ਅਤੇ ਲੁਧਿਆਣਾ ਦੇ ਪਿੰਡ ਕੁਲਾਰ ਦੇ ਸੰਧੂ ਡੇਅਰੀ ਫਾਰਮ ਦੀ ਗਊ ਨੇ 75.690 ਕਿਲੋਗ੍ਰਾਮ ਦੁੱਧ ਦਿੰਦਿਆਂ ਤੀਜਾ ਸਥਾਨ ਹਾਸਲ ਕੀਤਾ।




ਇਸ ਤੋਂ ਇਲਾਵਾ ਐਚ. ਐਫ. ਚਾਰ ਮੁਕਾਬਲਿਆਂ ਵਿੱਚ ਮੋਗਾ ਦੇ ਘੋਲੀਆ ਖੁਰਦ ਦੇ ਬਰਾੜ ਡੇਅਰੀ ਫਾਰਮ ਦੀ ਗਊ ਨੇ 62.250 ਕਿਲੋਗ੍ਰਾਮ ਦੁੱਧ ਦਿੰਦਿਆਂ ਪਹਿਲਾ, ਰੋਪੜ ਦੇ ਪਿੰਡ ਮੋਰੜੀਆਂ ਕਲਾਂ ਦੇ ਸਤਿੰਦਰ ਸਿੰਘ ਦੀ ਗਊ ਨੇ 56.452 ਕਿਲੋਗ੍ਰਾਮ ਦੁੱਧ ਦਿੰਦਿਆਂ ਦੂਜਾ ਅਤੇ ਪਟਿਆਲਾ ਦੇ ਪਾਲੀਆਂ ਖੁਰਦ ਦੇ ਤਰਨਵੀਰ ਸਿੰਘ ਦੀ ਗਊ ਨੇ 55.290 ਕਿਲੋਗ੍ਰਾਮ ਦੁੱਧ ਦਿੰਦਿਆਂ ਤੀਜਾ ਸਥਾਨ ਹਾਸਲ ਕੀਤਾ। ਐਚ. ਐਫ. ਦੋ ਦੰਦ ਗਊਆਂ ਦੇ ਦੁੱਧ ਚੁਆਈ ਮੁਕਾਬਲੇ ਵਿੱਚ ਪਟਿਆਲਾ ਦੇ ਪਾਲੀਆ ਖੁਰਦ ਦੇ ਕਰਨਵੀਰ ਸਿੰਘ ਦੀ ਗਊ ਨੇ 55.552 ਕਿਲੋਗ੍ਰਾਮ ਦੁੱਧ ਦਿੰਦਿਆਂ ਪਹਿਲਾ, ਫਿਰੋਜ਼ਪੁਰ ਦੇ ਪਿੰਡ ਲਹਿਰਾ ਬੇਟ ਦੇ ਪਰਵੀਨ ਸਿੰਘ ਦੀ ਗਊ ਨੇ 54.952 ਕਿਲੋਗ੍ਰਾਮ ਦੁੱਧ ਦਿੰਦਿਆਂ ਦੂਜਾ ਅਤੇ ਲੁਧਿਆਣਾ ਦੇ ਪਿੰਡ ਕੁਲਾਰ ਦੇ ਸੰਧੂਰੀ ਫਾਰਮ ਦੀ ਗਊ ਨੇ 50.752 ਕਿਲੋਗ੍ਰਾਮ ਦੁੱਧ ਦਿੰਦਿਆਂ ਤੀਜਾ ਸਥਾਨ ਹਾਸਲ ਕੀਤਾ। ਜਰਸੀ ਗਊਆਂ ਦੇ ਮੁਕਾਬਲੇ ਵਿੱਚ ਸੰਧੂ ਡੇਅਰੀ ਫਾਰਮ ਕੁਲਾਰ ਦੀ ਗਊ ਨੇ ਪਹਿਲਾ, ਫਿਰੋਜ਼ਪੁਰ ਦੇ ਲਹਿਰਾ ਬੇਟ ਦੇ ਪਰਵੀਨ ਸਿੰਘ ਦੀ ਗਊ ਨੇ ਦੂਜਾ ਅਤੇ ਕਰਨਾਲ ਦੇ ਪਿੰਡ ਗਾਲਬ ਖੇਤੀ ਦੇ ਬਲਦੇਵ ਸਿੰਘ ਦੀ ਗਊ ਨੇ ਤੀਜਾ ਸਥਾਨ ਹਾਸਲ ਕੀਤਾ।

ਮੁਰਹਾ ਨਸਲ ਦੀਆਂ ਮੱਝਾਂ ਦੇ ਦੁੱਧ ਚੋਆਈ ਮੁਕਾਬਲੇ ਵਿੱਚ ਕੈਥਲ ਦੇ ਪਿੰਡ ਫਰਾਂਸ ਵਾਲਾ ਦੇ ਅੰਕੁਰ ਦੀ ਮੱਝ ਨੇ 31.840 ਕਿਲੋਗ੍ਰਾਮ ਦੁੱਧ ਦਿੰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਇਸੇ ਕੈਟਾਗਰੀ ਵਿੱਚ ਪਟਿਆਲਾ ਦੇ ਪਿੰਡ ਚੇਤਰਾ ਦੇ ਪੰਜਾਬ ਸਿੰਘ ਦੀਆਂ ਮੱਝਾਂ ਨੇ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਨੀਲੀ ਰਾਵੀ ਮੱਝਾਂ ਦੇ ਮੁਕਾਬਲੇ ਵਿੱਚ ਤਰਨਤਾਰਨ ਦੇ ਪਿੰਡ ਵਲਟੋਹਾ ਦੇ ਰਸ਼ਪਾਲ ਸਿੰਘ ਦੀ ਮੱਝ ਨੇ 24.587 ਕਿਲੋਗ੍ਰਾਮ ਦੁੱਧ ਦਿੰਦਿਆਂ ਪਹਿਲਾ ਸਥਾਨ ਹਾਸਲ ਕੀਤਾ, ਜਦੋਂਕਿ ਮੋਗਾ ਦੇ ਪਿੰਡ ਡਰੋਲੀ ਭਾਈਕੇ ਦੇ ਅਮਰਜੀਤ ਸਿੰਘ ਦੀ ਮੱਝ ਨੇ ਦੂਜਾ ਅਤੇ ਲੁਧਿਆਣਾ ਦੇ ਪਿੰਡ ਅਧਿਆਣਾ ਦੇ ਸਰਸਵਤੀ ਡੇਅਰੀ ਫਾਰਮ ਦੀ ਮੱਝ ਨੇ ਤੀਜਾ ਸਥਾਨ ਹਾਸਲ ਕੀਤਾ। ਦੁੱਧ ਚੁਆਈ ਦੇ ਜੇਤੂਆਂ ਨੂੰ ਕੈਬਨਿਟ ਮੰਤਰੀ ਖੁੱਡੀਆਂ ਤੇ ਮਹਿਮਾਨਾਂ ਵੱਲੋਂ ਸਨਮਾਨਿਤ ਕੀਤਾ ਗਿਆ।

# ਬਰੀਡ ਮੁਕਾਬਲੇ 'ਚ ਕੁਲਬੀਰ ਸਿੰਘ ਦੀ ਗਾਂ ਰਹੀ ਜੇਤੂ

ਕਰਵਾਏ ਗਏ ਬਰੀਡ ਮੁਕਾਬਲਿਆਂ ਸਬੰਧੀ ਪੀਡੀਐੱਫਏ ਦੇ ਪ੍ਰੈਸ ਸਕੱਤਰ ਰੇਸ਼ਮ ਸਿੰਘ ਭੁੱਲਰ ਨੇ ਦੱਸਿਆ ਕਿ ਤਿੰਨ ਰੋਜ਼ਾ ਐਕਸਪੋ ਵਿੱਚ ਮੱਝਾਂ, ਗਾਵਾਂ ਦੀਆਂ ਵੱਖ-ਵੱਖ ਕੈਟਾਗਰੀਆਂ 'ਚ ਕਰਵਾਏ ਬਰੀਡ ਮੁਕਾਬਲੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ ਜਿਨ੍ਹਾਂ ਨੂੰ ਦੇਖਣ ਲਈ ਦੇਸ਼ ਹੀ ਨਹੀਂ ਦੁਨੀਆ ਤੋਂ ਵੀ ਗੋਰੇ ਪੁੱਜੇ। ਇਨ੍ਹਾਂ ਵਿਚ ਐੱਚ ਐੱਫ ਗਾਵਾਂ ਦੇ ਬਰੀਡ ਮੁਕਾਬਲੇ ਵਿਚ ਐੱਸ ਬੀ ਐੱਸ ਨਗਰ ਦੇ ਕੁਲਬੀਰ ਸਿੰਘ ਦੀ ਗਾਂ ਜੇਤੂ ਬਣੀ, ਜਦ ਕਿ ਰੋਪੜ ਦੇ ਪਿੰਡ ਮਰੋਲੀ ਕਲਾਂ ਦੇ ਸਤਿੰਦਰ ਸਿੰਘ ਅਤੇ ਪਟਿਆਲਾ ਦੇ ਬਾਬਰਪੁਰ ਦੇ ਬਿਲੰਗ ਖਾਨ ਡੇਅਰੀ ਫਾਰਮ ਦੀ ਗਾਂ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਮੁਰ੍ਹਾ ਮੱਝਾਂ ਦੇ ਬਰੀਡ ਮੁਕਾਬਲੇ ਵਿਚ ਪਟਿਆਲਾ ਦੇ ਪਿੰਡ ਚਠੇਰਾ ਦੇ ਪੰਜਾਬ ਸਿੰਘ ਦੀ ਮੱਝ ਜੇਤੂ ਰਹੀ। ਇਸੇ ਤਰ੍ਹਾਂ ਕੈਥਲ ਦੇ ਪਿੰਡ ਫਰਾਂਸ ਵਾਲਾ ਦੇ ਅੰਕੁਰ ਰਾਵਤ ਅਤੇ ਮਾਨਸਾ ਦੇ ਪਿੰਡ ਮਰ੍ਹਾਨ ਦੇ ਹਰਜਿੰਦਰ ਸਿੰਘ ਦੀ ਮੱਝ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਐੱਚ ਐੱਫ ਚਾਰ ਦੰਦ ਗਾਂ ਦੇ ਨਸਲ ਮੁਕਾਬਲੇ ਵਿਚ ਫਿਰੋਜ਼ਪੁਰ ਦੇ ਪਿੰਡ ਜੰਡਵਾਲਾ ਦੇ ਜਗਮੀਤ ਸਿੰਘ ਦੀ ਗਾਂ ਨੇ ਪਹਿਲਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਮਿਲਕਫੈੱਡ ਦੇ ਡਾਇਰੈਕਟਰ ਗੁਰਭੇਜ ਸਿੰਘ, ਸਾਬਕਾ ਡਾਇਰੈਕਟਰ ਪ੍ਰੋਕਿਉਰਮੈਂਟ ਅਮਨਦੀਪ ਸਿੰਘ, ਜੀ ਐੱਮ ਵੇਰਕਾ ਚੰਡੀਗੜ੍ਹ ਸੰਜੀਵ ਕੁਮਾਰ, ਜੀ ਐੱਮ ਪਟਿਆਲਾ ਸੁਰਜੀਤ ਸਿੰਘ, ਜੀ ਐੱਮ ਲੁਧਿਆਣਾ ਸਬੋਧ ਕੁਮਾਰ, ਜੀ ਐੱਮ ਕੈਟਲ ਫੀਡ ਸਤਿੰਦਰ ਪਰਸਾਦ, ਡਾਇਰੈਕਟਰ ਰਛਪਾਲ ਸਿੰਘ ਤਲਵਾੜਾ, ਪਿਆਰਾ ਸਿੰਘ, ਗੁਰਦੇਵ ਸਿੰਘ, ਸਕੱਤਰ ਰੇਸ਼ਮ ਸਿੰਘ ਭੁੱਲਰ, ਰਾਜਪਾਲ ਸਿੰਘ ਕੁਲਾਰ, ਰਣਜੀਤ ਸਿੰਘ ਲੰਗੇਆਣਾ ਆਦਿ ਹਾਜ਼ਰ ਸਨ।

**ਪਰਵਿੰਦਰ ਦੀਆਂ ਜਰਸੀ ਗਾਵਾਂ ਦੂਜੇ, ਤੀਜੇ ਨੰਬਰ 'ਤੇ ਰਹੀਆਂ**

ਇਸੇ ਤਰ੍ਹਾਂ ਜਗਰਾਉਂ ਦੇ ਪਿੰਡ ਚੀਮਨਾ ਦੇ ਅਮਰਜੀਤ ਸਿੰਘ ਦੀ ਗਾਂ ਨੇ ਦੂਜਾ ਅਤੇ ਰੋਪੜ ਦੇ ਪਿੰਡ ਮੀਆਂਪੁਰ ਦੇ ਕੁਲਵਿੰਦਰ ਸਿੰਘ ਦੀ ਗਾਂ ਤੀਜਾ ਸਥਾਨ ਹਾਸਿਲ ਕੀਤਾ। ਜਰਸੀ ਗਾਂ ਦੇ ਮੁਕਾਬਲੇ ਵਿਚ ਫਿਰੋਜ਼ਪੁਰ ਦੇ ਲਹਿਰਾ ਬੇੜ ਦੇ ਪ੍ਰਵੀਨ ਸਿੰਘ ਰੋਪੜ ਦੇ ਪਿੰਡ ਡੰਗਰਾਲੀ ਦੇ ਪਰਵਿੰਦਰ ਸਿੰਘ ਦੀਆਂ ਗਾਵਾਂ ਨੇ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਨੀਲੀ ਰਾਵੀ ਮੱਝਾਂ ਦੇ ਬਰੀਡ ਮੁਕਾਬਲੇ ਵਿਚ ਮੋਕਾ ਤੇ ਪਿੰਡ ਨੱਥੂਵਾਲਾ ਵੈਸਟ ਦੇ ਸੁਖਵਿੰਦਰ ਸਿੰਘ ਦੀ ਮੱਝ ਪਹਿਲੇ ਸਥਾਨ ਤੇ ਰਹੀ। ਇਸੇ ਤਰ੍ਹਾਂ ਬਠਿੰਡਾ ਦੇ ਪਿੰਡ ਦੁਬਲੇ ਦੇ ਰੁਪਿੰਦਰ ਸਿੰਘ ਅਤੇ ਫਿਰੋਜ਼ਪੁਰ ਦੇ ਪਿੰਡ ਧੰਨਾ ਸਾਹਿਤ ਦੇ ਦਵਿੰਦਰ ਸਿੰਘ ਦੀ ਮੱਝ ਤੀਜੇ ਸਥਾਨ ਤੇ ਰਹੀ। ਨੀਲੀ ਰਾਵੀ ਖੇਰੀਆਂ ਸੰਗਰੂਰ ਦੇ ਪਿੰਡ ਦੌਲਾ ਸਿੰਘ ਵਾਲਾ ਦੇ ਅੰਮ੍ਰਿਤਪਾਲ ਸਿੰਘ ਬਰਨਾਲਾ ਦੇ ਪਿੰਡ ਕਾਲੇਕੇ ਦੇ ਨਵਨੀਤ ਸਿੰਘ ਅਤੇ ਲੁਧਿਆਣਾ ਦੇ ਪਿੰਡ ਸਿਵੀਆਂ ਦੇ ਸੰਤੋਖ ਸਿੰਘ ਨੇ ਪਹਿਲਾ ਦੂਜਾ ਦੇ ਤੀਜਾ ਸਥਾਨ ਹਾਸਿਲ ਕੀਤਾ। ਜੇਤੂਆਂ ਨੂੰ ਸੰਸਥਾ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਅਤੇ ਪ੍ਰਬੰਧਕਾਂ ਨੇ ਸਨਮਾਨਿਤ ਕੀਤਾ।



# ਕੀ ਨਵੀਂ ਖੇਤੀ ਯੋਜਨਾ ਕਿਸਾਨਾਂ ਨੂੰ ਖੁਸ਼ਹਾਲ ਬਣਾਏਗੀ?

ਪ੍ਰਿਯੰਕਾ ਸੌਰਭ
ਮੋ: 70153-75570

ਭਾਰਤ ਦੀ ਆਰਥਿਕਤਾ ਖੇਤੀਬਾੜੀ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ ਪਰ ਇਸ ਨੂੰ ਢਾਂਚਾਗਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਬਾਜ਼ਾਰ ਦੀ ਅਕੁਸ਼ਲਤਾ, ਖੰਡਿਤ ਜ਼ਮੀਨੀ ਮਾਲਕੀ ਅਤੇ ਕਰਜ਼ੇ ਤੱਕ ਸੀਮਤ ਪਹੁੰਚ। ਕਿਸਾਨਾ ਦੀ ਵਿੱਤੀ ਸਥਿਰਤਾ ਨੂੰ ਮਜ਼ਬੂਤ ਕਰਨ ਲਈ ਸਭ ਤੋਂ ਤਾਜ਼ਾ ਬਜਟ ਵਿਚ ਪ੍ਰਧਾਨ ਮੰਤਰੀ ਧਨ ਕ੍ਰਿਸ਼ੀ ਯੋਜਨਾ ਅਤੇ ਕਿਸਾਨ ਕ੍ਰੈਡਿਟ ਕਾਰਡ (ਕੇ ਸੀ ਸੀ) ਕਰਜ਼ਾ ਸੀਮਾ



ਵਿਚ ਵਾਧਾ ਵਰਗੇ ਉਪਰਾਲੇ ਸ਼ਾਮਿਲ ਸਨ। ਖੇਤੀਬਾੜੀ ਮੰਡੀਆਂ ਵਿਚ ਅਕੁਸ਼ਲਤਾਵਾਂ ਨੂੰ ਦੂਰ ਕਰਨ ਵਿਚ ਹੋਈ ਪ੍ਰਗਤੀ ਦੀ ਡਿਗਰੀ ਉਨ੍ਹਾਂ ਦੇ ਪ੍ਰਦਰਸ਼ਨ 'ਤੇ ਨਿਰਭਰ ਕਰੇਗੀ। ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਇਹ ਪਹਿਲ ਟਿਕਾਊ ਖੇਤੀ ਅਭਿਆਸਾਂ ਤੇ ਬਿਹਤਰ ਖੇਤੀ ਤਰੀਕਿਆਂ ਰਾਹੀਂ ਖੇਤੀਬਾੜੀ ਉਤਪਾਦਕਤਾ ਤੇ ਜਲਵਾਯੂ ਲਚਕੀਲੇਪਨ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਮਹਾਰਾਸ਼ਟਰ ਤੇ ਕਰਨਾਟਕ ਵਰਗੇ ਰਾਜਾਂ ਨੇ ਤੁਲਨਾਤਮਕ ਪ੍ਰੋਗਰਾਮਾਂ ਅਧੀਨ ਲਾਗੂ ਕੀਤੇ ਗਏ ਤੁਪਕਾ ਸਿੰਚਾਈ ਤੇ ਏਆਈ-ਸੰਚਾਲਿਤ ਮਿੱਟੀ ਵਿਸ਼ਲੇਸ਼ਣ ਵਰਗੇ ਸ਼ੁੱਧ ਖੇਤੀ ਤਰੀਕਿਆਂ ਦੇ ਕਾਰਨ ਉਤਪਾਦਕਤਾ ਵਿਚ ਵਾਧਾ ਦੇਖਿਆ ਹੈ।

ਕਰਜ਼ੇ ਦੀ ਸੀਮਾ 3 ਲੱਖ ਤੋਂ ਵਧਾ ਕੇ 5 ਲੱਖ ਕਰ ਦਿੱਤੀ ਗਈ ਹੈ, ਜਿਸ ਨਾਲ ਕਿਸਾਨਾਂ ਨੂੰ ਖਾਦਾਂ, ਬੀਜਾਂ ਤੇ ਸਮਕਾਲੀ ਖੇਤੀ ਉਪਕਰਣਾਂ 'ਤੇ ਖਰਚ ਕਰਨ ਲਈ ਵਧੇਰੇ ਪੈਸਾ ਮਿਲ ਰਿਹਾ ਹੈ। ਉੱਚੀਆਂ ਕਰਜ਼ਾ ਸੀਮਾਵਾਂ ਨੇ ਪੰਜਾਬ ਅਤੇ ਹਰਿਆਣਾ ਦੇ ਛੋਟੇ ਕਿਸਾਨਾਂ ਲਈ ਮਸ਼ੀਨਰੀ ਖਰੀਦਣਾ ਸੰਭਵ ਬਣਾਇਆ ਹੈ, ਜਿਸ ਨਾਲ ਉਤਪਾਦਕਤਾ ਵਿਚ ਵਾਧਾ ਹੋਇਆ ਹੈ ਅਤੇ ਹੱਥੀਂ ਕਿਰਤ 'ਤੇ ਨਿਰਭਰਤਾ ਘਟੀ ਹੈ। ਬਜਟ 100 ਘੱਟ ਉਤਪਾਦਕਤਾ ਵਾਲੇ ਜ਼ਿਲ੍ਹਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਉੱਪਜ ਅਤੇ ਮੁਨਾਫਾ ਵਧਾਉਣ ਲਈ ਖੇਤਰ-ਵਿਸ਼ੇਸ਼ ਉਪਾਅ ਪੇਸ਼ ਕਰਦਾ ਹੈ, ਜਿਸ ਵਿਚ ਬਿਹਤਰ ਸਿੰਚਾਈ ਪ੍ਰਣਾਲੀਆਂ, ਉੱਚ-ਉਪਜ ਵਾਲੇ ਬੀਜ ਤੇ ਬਿਹਤਰ ਸਟੋਰੇਜ ਬੁਨਿਆਦੀ ਢਾਂਚਾ ਸ਼ਾਮਿਲ ਹੈ। ਗੁਜਰਾਤ ਦੇ ਸੌਰਾਸ਼ਟਰ ਖੇਤਰ ਵਿਚ ਵੀ ਇਸੇ ਤਰ੍ਹਾਂ ਦੀ ਜ਼ਿਲ੍ਹਾ-ਕੇਂਦ੍ਰਿਤ ਰਣਨੀਤੀ ਨੇ ਸਿੰਚਾਈ ਤੇ ਮਿੱਟੀ ਪ੍ਰਬੰਧਨ ਵਿਚ ਸੁਧਾਰ ਕਰ ਕੇ ਕਪਾਹ ਦੀ ਪੈਦਾਵਾਰ ਵਿਚ ਮਹੱਤਵਪੂਰਨ ਕੀਤਾ। ਉੱਚ ਉਪਜ ਵਾਲੇ ਬੀਜਾਂ ਬਾਰੇ ਰਾਸ਼ਟਰੀ ਮਿਸ਼ਨ ਦਾ ਉਦੇਸ਼ ਬੀਜ ਦੀ ਗੁਣਵੱਤਾ ਨੂੰ ਵਧਾਉਣਾ ਤੇ ਅਨਿਯਮਤ ਮੌਸਮੀ ਪੈਟਰਨਾਂ ਤੇ ਮਿੱਟੀ ਦੇ ਪਤਨ ਕਾਰਨ ਹੋਣ ਵਾਲੀਆਂ ਫਸਲਾਂ ਦੀ ਅਸਫਲਤਾ ਨੂੰ ਘਟਾਉਣਾ ਹੈ। ਹਾਲ ਹੀ ਦੇ ਸਾਲਾਂ ਵਿਚ, ਉੱਤਰ ਪ੍ਰਦੇਸ਼ ਨੇ ਜਲਵਾਯੂ-ਲਚਕੀਲੇ ਕਣਕ ਦੀਆਂ ਕਿਸਮਾਂ ਨੂੰ ਪੇਸ਼ ਕਰਕੇ ਤੇਜ਼ ਤਾਪਮਾਨ ਵਿਚ ਤਬਦੀਲੀਆਂ ਦੌਰਾਨ ਪੈਦਾਵਾਰ ਦੇ ਨੁਕਸਾਨ ਨੂੰ ਘਟਾ ਦਿੱਤਾ ਹੈ।

ਮੀਂਹ ਵਿਚ ਗਿਰਾਵਟ ਦੇ ਬਾਵਜੂਦ, ਰਾਜਸਥਾਨ ਦੇ ਕਿਸਾਨ ਸੋਕੇ-ਰੋਧਕ ਬਾਜਰੇ ਦੀਆਂ ਕਿਸਮਾਂ ਨੂੰ ਉਤਸ਼ਾਹਿਤ ਕਰਕੇ ਉਤਪਾਦਨ ਨੂੰ ਬਰਕਰਾਰ ਰੱਖਣ ਦੇ ਯੋਗ ਹੋਏ ਹਨ। ਬਿਹਤਰ ਬੁਨਿਆਦੀ ਢਾਂਚਾ ਤੇ ਕਰਜ਼ੇ ਤੱਕ ਆਸਾਨ ਪਹੁੰਚ ਕਿਸਾਨਾਂ ਨੂੰ ਅਤਿ-ਆਧੁਨਿਕ ਤਕਨਾਲੋਜੀ ਵਿਚ ਨਿਵੇਸ਼ ਕਰਨ ਦੀ ਆਗਿਆ ਦਿੰਦੀ ਹੈ, ਜਿਸ ਨਾਲ ਵਾਢੀ ਤੋਂ ਬਾਅਦ ਕੀਮਤਾਂ ਵਿਚ ਵਾਧਾ ਹੁੰਦਾ ਹੈ। ਵਿੱਤੀ ਤੌਰ 'ਤੇ ਸੰਕਟਗ੍ਰਸਤ ਜ਼ਿਲ੍ਹਿਆਂ ਵਿਚ ਕ੍ਰੈਡਿਟ ਸੁਧਾਰਾਂ 'ਤੇ ਜ਼ੋਰ ਅਤੇ ਕੇਂਦ੍ਰਿਤ ਦਖਲਅੰਦਾਜ਼ੀ ਲਾਗੂ ਕਰਨ ਨਾਲ ਵਿੱਤੀ ਸੰਕਟ ਘੱਟ ਹੋਵੇਗਾ ਅਤੇ ਕਰਜ਼ੇ ਦੇ ਬੋਝ ਕਾਰਨ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਘਟੇਗੀ। ਮਹਾਰਾਸ਼ਟਰ ਦੇ ਵਿਦਰਭ ਵਿਚ ਕਰਜ਼ਾ ਪੁਨਰਗਠਨ ਪ੍ਰੋਗਰਾਮ ਨੇ ਕਿਸਾਨਾਂ ਨੂੰ ਆਪਣੀ ਆਮਦਨ ਸਥਿਰ ਕਰਨ ਵਿਚ ਮਦਦ ਕੀਤੀ, ਜਿਸਦੇ ਨਤੀਜੇ ਵਜੋਂ ਕਰਜ਼ੇ ਨਾਲ ਸਬੰਧਿਤ ਪ੍ਰੇਸ਼ਾਨੀ ਦੇ ਮਾਮਲਿਆਂ ਵਿਚ ਕਮੀ ਆਈ। ਕੇ ਸੀ ਸੀ ਕਰਜ਼ੇ ਦੀ ਸੀਮਾ ਵਿਚ ਵਾਧੇ ਨੇ ਕਿਸਾਨਾਂ ਨੂੰ ਵਧੇਰੇ ਵਿੱਤੀ ਲੱਚਕਤਾ ਪ੍ਰਦਾਨ ਕੀਤੀ ਹੈ, ਜਿਸ ਨਾਲ ਗੈਰ-ਰਸਮੀ ਸ਼ਾਹੂਕਾਰਾਂ 'ਤੇ ਉਨ੍ਹਾਂ ਦੀ ਨਿਰਭਰਤਾ ਘਟੀ ਹੈ। ਛੋਟੇ ਤੇ ਸੀਮਾਂਤ ਕਿਸਾਨਾਂ ਲਈ, ਜੋ ਭਾਰਤ ਦੀ ਖੇਤੀਬਾੜੀ ਆਬਾਦੀ ਦਾ ਲਗਭਗ 86% ਹਨ, ਅਧਿਕਾਰਤ ਕਰਜ਼ੇ ਪ੍ਰਾਪਤ ਕਰਨਾ ਮੁਸ਼ਕਲ ਹੋ ਸਕਦਾ ਹੈ। ਉਹ ਇਸ ਉਪਾਅ ਦੀ ਵਰਤੋਂ ਉੱਚ-ਗੁਣਵੱਤਾ ਵਾਲੀ ਮਸ਼ੀਨਰੀ ਅਤੇ ਬੀਜਾਂ ਵਿਚ ਨਿਵੇਸ਼ਾਂ ਨੂੰ ਵਿੱਤ ਦੇਣ ਲਈ ਕਰ ਸਕਦੇ ਹਨ।

ਸੋਕਾ-ਰੋਧਕ ਅਤੇ ਉੱਚ-ਉਪਜ ਦੇਣ ਵਾਲੇ ਬੀਜਾਂ ਦੀ ਉਪਲੱਬਧਤਾ ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਵਿਚ ਉਤਪਾਦਨ ਨੂੰ ਸਥਿਰ ਕਰ ਸਕਦੀ ਹੈ ਜਿੱਥੇ ਅਣਪਛਾਤੇ ਮਾਨਸੂਨ ਉਪਜ ਨੂੰ ਪ੍ਰਭਾਵਿਤ ਕਰਦੇ ਹਨ। ਆਮ ਸਬਸਿਡੀਆਂ ਦੀ ਬਜਾਏ ਨਿਸ਼ਾਨਾਬੱਧ ਕਰਜ਼ਾ ਸਹਾਇਤਾ 'ਤੇ ਧਿਆਨ ਕੇਂਦਰਿਤ ਕਰਨ ਦਾ ਉਦੇਸ਼ ਬੇਲੋੜੇ ਖਰਚਿਆਂ ਨੂੰ ਘਟਾਉਣਾ ਅਤੇ ਵਧੇਰੇ ਪ੍ਰਭਾਵਸ਼ਾਲੀ ਸਰੋਤ ਵੰਡ ਨੂੰ ਉਤਸ਼ਾਹਿਤ ਕਰਨਾ ਹੈ। ਬਹੁਤ ਜ਼ਿਆਦਾ ਖਾਦ ਸਬਸਿਡੀਆਂ ਦੇ ਉਲਟ, ਜੋ ਇਨਪੁਟ ਬਾਜ਼ਾਰਾਂ ਨੂੰ ਵਿਗਾੜਦੀਆਂ ਹਨ, ਪੀਐਮ-ਕਿਸਾਨ ਅਧੀਨ ਸਿੱਧੇ ਨਕਦ ਟ੍ਰਾਂਸਫਰ ਨੇ ਕਿਸਾਨਾਂ ਦੀ ਆਮਦਨ ਸੁਰੱਖਿਆ ਨੂੰ ਵਧਾਇਆ ਹੈ। ਵਧੇਰੇ ਕਰਜ਼ੇ ਉਪਲੱਬਧ ਹੋਣ ਨਾਲ, ਕਿਸਾਨ ਸਿੰਚਾਈ ਪ੍ਰਣਾਲੀਆਂ, ਸਟੋਰੇਜ ਸਹੂਲਤਾਂ ਅਤੇ ਆਧੁਨਿਕ ਉਪਕਰਨ ਖਰੀਦ ਸਕਦੇ ਹਨ, ਜੋ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘਟਾਉਂਦੇ ਹਨ ਅਤੇ ਉਤਪਾਦਨ ਵਧਾਉਂਦੇ ਹਨ। ਸੀਮਾਂਤ ਕਿਸਾਨਾਂ ਨੂੰ ਸਸ਼ਕਤ ਬਣਾ ਕੇ, ਵਧੀ ਹੋਈ ਵਿੱਤੀ ਸਹਾਇਤਾ ਉਨ੍ਹਾਂ ਲਈ ਟਿਕਾਊ ਖੇਤੀ ਅਭਿਆਸਾਂ ਅਤੇ ਸੁਧਰੀਆਂ ਤਕਨਾਲੋਜੀਆਂ ਨੂੰ ਅਪਨਾਉਣ ਨੂੰ ਸੰਭਵ ਬਣਾਉਂਦੀ ਹੈ।

ਖੇਤੀ 'ਚ ਅਕੁਸ਼ਲ ਸਪਲਾਈ ਚੇਨ ਤੇ ਮਾਰਕੀਟਿੰਗ, ਜਿਸ ਕਾਰਨ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਾਂ ਦੇ ਘੱਟ ਭਾਅ ਮਿਲਦੇ ਹਨ, ਨੂੰ ਸਿਰਫ ਕਰਜ਼ਾ ਸਹਾਇਤਾ ਨਾਲ ਠੀਕ ਨਹੀਂ ਕੀਤਾ ਜਾ ਸਕਦਾ। ਭਾਰਤ ਦੇ ਘੱਟ ਖੇਤੀਬਾੜੀ ਨਿਰਯਾਤ (ਵਿਸ਼ਵ ਖੇਤੀਬਾੜੀ ਵਪਾਰ ਦਾ 203%) ਨੂੰ ਸੰਬੰਧਿਤ ਨਹੀਂ ਕਰਦੀਆਂ, ਜੋ ਕਿਸਾਨਾਂ ਦੀ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚ ਨੂੰ ਸੀਮਤ ਕਰਦੀਆਂ ਹਨ। ਕਿਸਾਨਾਂ ਦੀ ਕੀਮਤ ਪ੍ਰਾਪਤੀ ਨੂੰ ਬਿਹਤਰ ਬਣਾਉਣ ਲਈ, ਕੰਟਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਤੇ ਐਮ ਐਸ ਪੀ ਕਵਰੇਜ ਵਧਾਉਣੀ ਚਾਹੀਦੀ ਹੈ। ਸਹਿਕਾਰੀ ਖੇਤੀ ਤੇ ਗਾਰੰਟੀਸ਼ੁਦਾ ਕੀਮਤ ਕਿਸਾਨਾਂ ਦੀ ਆਮਦਨ ਵਧਾ ਸਕਦੀ ਹੈ, ਜਿਵੇਂ ਗੁਜਰਾਤ 'ਚ ਅਮੂਲ ਦੇ ਡੇਅਰੀ ਮਾਡਲ ਦੀ ਸਫਲਤਾ ਤੋਂ ਪਤਾ ਲੱਗਦਾ ਹੈ। ਕੋਲਡ ਸਟੋਰੇਜ, ਵੇਅਰ-ਹਾਊਸਿੰਗ ਤੇ ਫੂਡ ਪ੍ਰੋਸੈਸਿੰਗ ਸਹੂਲਤਾਂ ਵਿਚ ਨਿਵੇਸ਼ ਕਰਨ ਨਾਲ ਕੀਮਤਾਂ ਸਥਿਰ ਹੋ ਸਕਦੀਆਂ ਹਨ ਅਤੇ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ। ਪਾਣੀ ਦੀ ਜ਼ਿਆਦਾ ਵਰਤੋਂ ਵਾਲੀਆਂ ਫਸਲਾਂ 'ਤੇ ਨਿਰਭਰਤਾ ਘਟਾਉਣ, ਕਿਸਾਨਾਂ ਨੂੰ ਚੰਗੇ ਮੁੱਲ ਵਾਲੀਆਂ, ਕਿਸਾਨਾਂ ਨੂੰ ਚੰਗੇ ਮੁੱਲ ਵਾਲੀਆਂ, ਜਲਵਾਯੂ-ਅਨੁਕੂਲ ਫਸਲਾਂ ਦੀ ਕਾਸ਼ਤ ਕਰਨ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ।

### ਵਿੱਤੀ ਸਹਾਇਤਾ ਨੂੰ ਦਿੱਤੀ ਤਰਜੀਹ

ਬਜਟ ਵਿਚ ਸਿੱਧੀਆਂ ਸਬਸਿਡੀਆਂ ਨਾਲੋਂ ਵਿੱਤੀ ਸਹਾਇਤਾ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ। ਇਹ ਯਕੀਨੀ ਬਣਾਉਂਦੇ ਹੋਏ ਕਿ ਕਿਸਾਨਾਂ ਨੂੰ ਆਮ ਸਬਸਿਡੀਆਂ ਦੀ ਬਜਾਏ ਫਸਲ ਵਿਸ਼ੇਸ਼ ਅਤੇ ਖੇਤਰੀ ਜ਼ਰੂਰਤਾਂ ਦੇ ਆਧਾਰ 'ਤੇ ਅਨੁਕੂਲ ਸਹਾਇਤਾ ਮਿਲੇ। ਡਿਜ਼ੀਟਲ ਸਲਾਹਕਾਰ ਸੇਵਾਵਾਂ ਤੇ ਮਿੱਟੀ ਸਿਹਤ ਨਿਗਰਾਨੀ ਰਾਹੀਂ ਝੋਨਾ ਕਿਸਾਨਾਂ ਨੂੰ ਨਿਸ਼ਾਨਾਬੱਧ ਮਦਦ ਦੇ ਨਤੀਜੇ ਵਜੋਂ ਤੇਲੰਗਾਨਾ 'ਚ ਫਸਲਾਂ ਦੀ ਪੈਦਾਵਾਰ ਤੇ ਬਾਜ਼ਾਰ ਕੀਮਤਾਂ 'ਚ ਸੁਧਾਰ ਹੋਇਆ ਹੈ। ਬਿਹਤਰ ਸਿੰਚਾਈ ਤੇ ਉੱਚ-ਉੱਪਜ ਵਾਲੇ ਬੀਜਾਂ 'ਤੇ ਧਿਆਨ ਕੇਂਦਰਿਤ ਕਰਨ ਨਾਲ ਪ੍ਰਤੀ ਏਕੜ ਉਤਪਾਦਨ ਵਧੇਗਾ। ਕਿਸਾਨਾਂ ਦੀ ਆਮਦਨ ਵਧੇਗੀ ਤੇ ਰਾਸ਼ਟਰੀ ਭੋਜਨ ਸੁਰੱਖਿਆ ਵਧੇਗੀ। ਤੁਲਨਾਤਮਕ ਪ੍ਰੋਗਰਾਮ ਤਹਿਤ ਮੱਧ ਪ੍ਰਦੇਸ਼ ਦੇ ਹਾਈਬ੍ਰਿਡ ਮੱਕੀ ਦੀਆਂ ਕਿਸਮਾਂ ਨੂੰ ਅਪਨਾਇਆ, ਜਿਸ ਨਾਲ ਤਿੰਨ ਸਾਲਾਂ 'ਚ ਉਤਪਾਦਨ 'ਚ ਵਾਧਾ ਹੋਇਆ। ਹੋਰ ਰਾਜਾਂ ਦੇ ਕਿਸਾਨਾਂ ਨੂੰ ਵੀ ਅਜਿਹਾ ਕਰਨਾ ਚਾਹੀਦਾ ਹੈ।

### ਸ਼ਾਹੂਕਾਰਾਂ 'ਤੇ ਘਟਾਈ ਨਿਰਭਰਤਾ

ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵੱਡੀਆਂ ਕਰਜ਼ਿਆਂ ਦੀ ਰਕਮ ਤੱਕ ਪਹੁੰਚ ਕਰਨ ਦੇ ਯੋਗ ਬਣਾ ਕੇ, ਵਧੀ ਹੋਈ ਕੇ ਸੀ ਸੀ ਕਰਜ਼ਾ ਸੀਮਾ ਨੇ ਗੈਰ-ਲਾਇਸੰਸਸ਼ੁਦਾ ਸ਼ਾਹੂਕਾਰਾਂ 'ਤੇ ਉਨ੍ਹਾਂ ਦੀ ਨਿਰਭਰਤਾ ਘਟਾ ਦਿੱਤੀ ਹੈ ਜੋ ਬਹੁਤ ਜ਼ਿਆਦਾ ਵਿਆਜ ਦਰਾਂ ਵਸੂਲਦੇ ਹਨ।

# ਕਿਤਾਬੀ ਗਿਆਨ ਨੂੰ ਅਮਲੀ ਰੂਪ ਦੇ ਕੇ ਉੱਭਰਿਆ ਨੌਜਵਾਨ - ਜਸ਼ਨਪ੍ਰੀਤ ਸਿੰਘ

ਸ. ਜਸ਼ਨਪ੍ਰੀਤ ਸਿੰਘ ਪੁੱਤਰ ਸਰਦਾਰ ਬਲਕਰਨ ਸਿੰਘ ਪਿੰਡ ਅਤਲਾ ਖੁਰਦ ਜ਼ਿਲ੍ਹਾ ਮਾਨਸਾ ਦਾ ਰਹਿਣ ਵਾਲਾ ਨੌਜਵਾਨ ਕਿਸਾਨ ਹੈ। ਉਸਨੇ ਸਾਲ 2019 ਵਿਚ ਬੀ. ਐਸ. ਸੀ. ਖੇਤੀਬਾੜੀ ਦੀ ਡਿਗਰੀ ਪੂਰੀ ਕੀਤੀ ਅਤੇ ਬਾਅਦ ਵਿਚ ਡਿਗਰੀ ਦੌਰਾਨ ਖੁੰਬਾਂ ਦੀ ਕਲਾਸ ਦੌਰਾਨ ਬਣੀ ਰੁਚੀ ਉਸਨੂੰ ਵਿਹਲੇ ਸਮੇ ਦੌਰਾਨ ਖੁੰਬਾਂ ਦੀ ਕਾਸ਼ਤ ਕਰਨ ਲਈ ਉਤਸ਼ਾਹਿਤ ਕਰ ਰਹੀ ਸੀ। ਜਿਸ ਕਰਕੇ ਉਹ ਖੁੰਬਾਂ ਦੀ ਕਾਸ਼ਤ ਦੇ ਵਿਹਾਰਕ ਤਜ਼ਰਬੇ ਨੂੰ ਆਪਣੇ ਫਾਰਮ ਤੇ ਅਮਲ ਰੂਪ ਵਿਚ ਲੈ ਆਇਆ। ਪੜ੍ਹਾਈ ਕਰਦੇ ਸਮੇਂ ਇਮਾਨਦਾਰੀ ਅਤੇ ਜਨੂੰਨ ਨਾਲ ਕੀਤੇ ਪ੍ਰੈਕਟੀਕਲ ਉਸ ਲਈ ਮੀਲ ਪੱਥਰ ਸਾਬਿਤ ਹੋਏ। ਇਸ ਕੰਮ ਨੂੰ ਸ਼ੁਰੂ ਕਰਨ ਲਈ ਉਸਦੇ ਇਸੇ ਕਿੱਤੇ ਨੂੰ ਅਪਨਾ ਚੁੱਕੇ ਜਮਾਤੀਆਂ ਦਾ ਵੀ ਪੂਰਾ ਸਹਿਯੋਗ ਮਿਲਿਆ।

**ਨਿੱਜੀ ਤਜ਼ਰਬੇ :**

ਸਾਲ 2020-21 ਦੌਰਾਨ ਜਸ਼ਨਪ੍ਰੀਤ ਸਿੰਘ ਨੇ ਝੋਨੇ ਦੇ ਖੇਤਾਂ ਦੀ ਪਰਾਲੀ, ਬਾਂਗ ਅਤੇ ਪੋਲੀਥੀਨ ਦੀ ਵਰਤੋਂ ਨਾਲ 35' × 25' ਦਾ ਸ਼ੈੱਡ (1000 ਬੈਗ) ਤਿਆਰ ਕੀਤਾ ਅਤੇ ਆਪਣੇ ਇਸ ਕੰਮ ਦੀ ਸ਼ੁਰੂਆਤ ਕੀਤੀ। ਪਹਿਲੇ ਸਾਲ ਦੀ ਕਾਸ਼ਤ ਦੌਰਾਨ ਉਸਨੂੰ ਵੱਖ-ਵੱਖਰੇ ਤਜ਼ਰਬੇ ਪ੍ਰਾਪਤ ਹੋਏ, ਜਿਹੜੇ ਕਿ ਸਾਲ ਦਰ ਸਾਲ ਇਕ ਕਮਾਈ ਦੇ ਰੂਪ 'ਚ ਨਿੱਖਰਕੇ ਆਏ। ਸਾਲ 2021-22 ਵਿਚ ਉਸਨੇ 72'×35' ਦਾ ਸ਼ੈੱਡ (2000 ਬੈਗ) ਤਿਆਰ ਕੀਤਾ। ਇਸ ਦੌਰਾਨ ਉਹ ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਦੇ ਮਾਹਿਰਾਂ ਦੇ ਸੰਪਰਕ ਵਿਚ ਆਇਆ ਅਤੇ ''ਖੁੰਬ ਉਤਪਾਦਨ'' ਵਿਸ਼ੇ ਉੱਪਰ ਪੰਜ ਦਿਨਾਂ ਸਿਖਲਾਈ ਪ੍ਰਾਪਤ ਕਰਕੇ ਆਪਣਾ ਆਤਮ ਵਿਸ਼ਵਾਸ ਦ੍ਰਿੜ੍ਹ ਕੀਤਾ। ਖੁੰਬ ਉਤਪਾਦਨ ਕਰਕੇ ਹੋਏ ਦਰਪੇਸ਼ ਆਈਆਂ ਮੁਸ਼ਕਿਲਾਂ ਨੂੰ ਹੱਲ ਕਰਦੇ ਹੋਏ ਉਸਨੇ ਵਧੇਰੇ ਸ਼ੁੱਧ ਮੁਨਾਫਾ ਪ੍ਰਾਪਤ ਕੀਤਾ। ਪਰਿਵਾਰ ਦੇ ਸਹਿਯੋਗ ਅਤੇ ਆਪਣੀ ਮਿਹਨਤ ਅਤੇ ਲਗਨ ਸਦਕਾ ਉਹ ਆਪਣੇ ਕੰਮ ਨੂੰ ਲਗਾਤਾਰ ਵਧਾਉਂਦਾ ਜਾ ਰਿਹਾ ਹੈ ਅਤੇ ਇਸ ਸਾਲ ਉਸਨੇ ਦੋ 60'×30' ਦੇ ਸ਼ੈੱਡ (2600 ਬੈਗ) ਅਤੇ ਇਕ 72'×35' ਦਾ ਸ਼ੈੱਡ (2000 ਬੈਗ) ਸ਼ੈੱਡ ਤਿਆਰ ਕੀਤਾ ਹੈ ਅਤੇ ਖੁੰਬ ਦੀ ਰੋਜ਼ਾਨਾ ਤੁੜਾਈ ਕਰਕੇ ਵਧੀਆ ਆਮਦਨ ਪ੍ਰਾਪਤ ਕਰ ਰਿਹਾ ਹੈ।

**ਪਰਿਵਾਰ ਦੇ ਸਹਿਯੋਗ ਨਾਲ ਖੁੰਬ ਦੀ ਤੁੜਾਈ ਅਤੇ ਸਵੈ ਮੰਡੀਕਰਨ : ਸਫਲਤਾ ਦੀ ਪੌੜੀ**

ਸ ਜਸ਼ਨਪ੍ਰੀਤ ਸਿੰਘ ਦਾ ਸਾਰਾ ਪਰਿਵਾਰ ਇਸ ਕੰਮ ਨਾਲ ਜੁੜਿਆ ਹੋਇਆ ਹੈ। ਜਿਸ ਨਾਲ ਉਸਦੇ ਲੇਬਰ ਖਰਚ ਘਟਣ ਦੇ ਨਾਲ-ਨਾਲ ਹੌਸਲਾ ਵੀ ਬੁਲੰਦ ਹੁੰਦਾ ਹੈ। ਉਹ ਖੁੰਬ ਦਾ ਮੰਡੀਕਰਨ ਖੁਦ ਵੱਖਰੀਆਂ-ਵੱਖਰੀਆਂ ਮੰਡੀਆਂ ਉੱਪਰ ਜਾ ਕੇ ਘਰ ਬੈਠੇ ਡਿਜ਼ੀਟਲ ਮਾਧਿਅਮ (ਫੇਸਬੁੱਕ ਅਤੇ ਇੰਸਟਾਗ੍ਰਾਮ) ਰਾਹੀਂ ਕਰਦਾ ਹੈ। ਉਹ ਯੂਨੀਵਰਸਿਟੀ ਦੇ ਮਾਪਦੰਡਾਂ ਅਨੁਸਾਰ ਖੁੰਬ ਨੂੰ ਸਾਫ ਕਰਕੇ 200 ਗ੍ਰਾਮ ਦੀ ਪੈਕਿੰਗ ਕਰਕੇ ਵੇਚਦਾ ਹੈ ਅਤੇ ਚੰਗਾ ਮੁਨਾਫਾ ਕਮਾਉਂਦਾ ਹੈ। ਸ ਜਸ਼ਨਪ੍ਰੀਤ ਸਿੰਘ ਇਸ ਗੱਲ ਦੀ ਮਿਸਾਲ ਹੈ ਕਿ ਬਾਹਰਲੇ ਮੁਲਕ ਜਾਣ ਦੀ ਬਜਾਏ, ਅੱਜ ਦਾ ਨੌਜਵਾਨ ਪਰਿਵਾਰਿਕ ਸਹਿਯੋਗ ਨਾਲ, ਸਹੀ ਤਕਨੀਕੀ ਜਾਣਕਾਰੀ ਅਤੇ ਸਵੈ-ਮੰਡੀਕਰਨ ਅਪਣਾ ਕੇ ਸਹਾਇਕ ਧੰਦਿਆਂ ਤੋਂ ਮੁਨਾਫਾ ਕਮਾ ਆਪਣੇ ਪਰਿਵਾਰ ਦੀ ਆਮਦਨ ਵਿਚ ਵਾਧਾ ਕਰ ਸਕਦਾ ਹੈ।

**ਬੀ ਐੱਸ ਸੇਖੋਂ, ਅਲੋਕ ਗੁਪਤਾ ਤੇ ਰਣਵੀਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ** (ਮੋ. 78328-48550)



# ਐਮ.ਐਸ.ਪੀ.
## ਕੀ ਹੈ, ਕਿਵੇਂ ਮਿੱਥੀ ਜਾਂਦੀ ਹੈ?

ਕਿਸੇ ਸ਼ਾਇਰ ਨੇ ਲਿਖਿਆ ਹੈ ਕਿ :

'ਰੱਬ ਇਕ ਗੁੰਝਲਦਾਰ ਬੁਝਾਰਤ,
ਰੱਬ ਇਕ ਗੋਰਖਧੰਦਾ,
ਖੋਲ੍ਹਣ ਲੱਗਿਆਂ ਪੇਚ ਏਸਦੇ,
ਗਾਫਿਲ ਹੋ ਜਾਏ ਬੰਦਾ ।'

ਇਹੋ ਹਾਲ ਖੇਤੀ ਜਿਣਸਾਂ ਦੀ ਐਮ. ਐਸ. ਪੀ. ਦਾ ਹੈ । ਇਸ ਨੂੰ ਨਿਰਧਾਰਤ ਕਰਨ ਲਈ ਸਰਕਾਰਾਂ ਨੇ ਏਨੀਆਂ ਘੁਣਤਰਾਂ ਪਾਈਆਂ ਹੋਈਆਂ ਹਨ ਕਿ ਸਿਰਾ ਫੜੋ ਤਾਂ ਦੂਜੀ ਘੁਣਤਰ ਉਲਝ ਜਾਂਦੀ ਹੈ । ਅਸਲ ਵਿਚ ਜਦੋਂ ਤੋਂ ਖੇਤੀ ਜਿਣਸਾਂ ਦੇ ਭਾਅ ਮਿੱਥਣ ਦਾ ਸਿਲਸਿਲਾ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਹਮੇਸ਼ਾ ਸਰਕਾਰਾਂ ਨੂੰ ਕਿਸਾਨਾਂ ਨਾਲੋਂ ਆਪਣੇ ਸਿਆਸੀ ਹਿੱਤਾਂ ਦਾ ਵਧੇਰੇ ਫਿਕਰ ਰਿਹਾ ਹੈ । ਆਓ ਸਮਝਣ ਦੀ ਕੋਸ਼ਿਸ਼ ਕਰੀਏ ਕਿ ਇਹ ਐਮ. ਐਸ. ਪੀ. ਦਾ ਗੋਰਖਧੰਦਾ ਹੈ ਕੀ ?

ਹਰੇ ਇਨਕਲਾਬ ਦੇ ਸ਼ੁਰੂ ਵਿਚ ਹੀ ਭਾਰਤ ਸਰਕਾਰ ਨੇ ਖੇਤੀ ਜਿਣਸਾਂ ਦੇ ਭਾਅ ਮਿੱਥਣ ਲਈ ਇਕ ਖੇਤੀ ਕੀਮਤ ਕਮਿਸ਼ਨ ਬਣਾਇਆ, ਜੋ ਬਾਅਦ ਵਿਚ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਬਣ ਗਿਆ । ਇਹ ਕਮਿਸ਼ਨ ਖੇਤੀ ਖਰਚਿਆਂ ਦਾ ਲੇਖਾ-ਜੋਖਾ ਕਰਕੇ ਭਾਰਤ ਸਰਕਾਰ ਦੀ ਸਿਫਾਰਸ਼ ਕਰਨ ਵਾਲਾ ਅਦਾਰਾ ਹੈ । ਇਸ ਦੀ ਸਿਫਾਰਸ਼ ਆਖਰੀ ਫੈਸਲਾ ਨਹੀਂ ਹੁੰਦੀ । ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਪ੍ਰਧਾਨ ਮੰਤਰੀ ਦੀ ਆਰਥਿਕ ਮਾਮਲਿਆਂ ਦੀ ਕਮੇਟੀ ਕੋਲ ਜਾਂਦੀਆਂ ਹਨ, ਜੋ ਇਨ੍ਹਾਂ ਸਿਫਾਰਸ਼ਾਂ ਉੱਤੇ ਵਿਚਾਰ ਕਰਕੇ ਹੀ ਫਸਲਾਂ ਦਾ ਘੱਟੋ-ਘੱਟ ਸਮੱਰਥਨ ਮੁੱਲ ਹੀ ਹੁੰਦਾ ਹੈ, ਇਹ ਕਿਤੇ ਨਹੀਂ ਲਿਖਿਆ ਕਿ



ਬਲਬੀਰ ਸਿੰਘ ਰਾਜੇਵਾਲ,
ਪ੍ਰਧਾਨ ਬੀ. ਕੇ. ਯੂ,
ਭਗਵਾਨਪੁਰਾ ਰੋਡ, ਸਮਰਾਲਾ,
ਜ਼ਿਲ੍ਹਾ ਲੁਧਿਆਣਾ-141114
ਮੋ. 98142-28005

ਇਹ ਕਿਸਾਨਾਂ ਲਈ ਲਾਭਕਾਰੀ ਮੁੱਲ ਹੁੰਦਾ ਹੈ । ਇਸ ਨੂੰ ਮਿੱਥਣ ਲਈ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਦੇ ਰਾਹ ਵਿਚ ਅਨੇਕਾਂ ਰੋੜੇ ਹਨ । ਇਸ ਦਾ ਕੰਮ ਕਰਨ ਦਾ ਅਧਿਕਾਰ ਖੇਤਰ ਅਜਿਹਾ ਹੈ ਕਿ ਕਮਿਸ਼ਨ ਕਦੀ ਵੀ ਕਿਸਾਨਾਂ ਨਾਲ ਇਨਸਾਫ ਨਹੀਂ ਕਰ ਸਕਦਾ । ਸਰਕਾਰ ਨੇ ਕਮਿਸ਼ਨ ਦੇ ਅਧਿਕਾਰ ਖੇਤਰ ਵਿਚ ਹੀ ਉਸ ਦੇ ਹੱਥ-ਪੈਰ ਬੰਨ੍ਹੇ ਹੋਏ ਹਨ ।

ਕਮਿਸ਼ਨ ਦੇ ਅਧਿਕਾਰ ਖੇਤਰ ਵਿਚ ਦਰਜ ਹੈ ਕਿ ਉਸ ਨੇ ਕਿਸੇ ਵੀ ਜਿਣਸ ਦੇ ਭਾਅ ਦੀ ਸਿਫਾਰਸ਼ ਕਰਨ ਸਮੇਂ ਇਹ ਖਾਸ ਖਿਆਲ ਰੱਖਣਾ ਹੈ ਕਿ ਉਸ ਭਾਅ ਦਾ ਆਮ ਕੀਮਤਾਂ ਉੱਤੇ ਬਹੁਤਾ ਪ੍ਰਭਾਵ ਨਾ ਪਵੇ ਅਤੇ ਉਸ ਨਾਲ ਆਮ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਮਹਿੰਗਾਈ ਨਾ ਹੋਵੇ । ਕਮਿਸ਼ਨ ਨੇ ਖਿਆਲ ਰੱਖਣਾ ਹੈ ਕਿ ਉਸ ਫਸਲ ਦਾ ਸਰਕਾਰ ਅਤੇ ਬਾਜ਼ਾਰ ਵਿਚ ਸਟਾਕ ਕਿੰਨਾ ਹੈ । ਦੁਨੀਆਂ ਦੀ ਮੰਡੀ ਵਿਚ ਇਹ ਕਿੰਨੀ ਮਾਤਰਾ ਵਿਚ ਉਪਲਬਧ ਹੈ । ਬਾਜ਼ਾਰ ਵਿਚ ਕੀਮਤਾਂ ਦਾ ਰੁਝਾਨ ਕੀ ਹੈ ? ਮੰਗ ਅਤੇ ਸਪਲਾਈ ਦਾ ਧਿਆਨ ਰੱਖਣਾ ਹੈ । ਇੰਡਸਟਰੀ ਦੀਆਂ ਕੀਮਤਾਂ ਉੱਤੇ ਕੀ ਪ੍ਰਭਾਵ ਪਵੇਗਾ ? ਦੁਨੀਆ ਵਿਚ ਇਸ ਦਾ ਕੀ ਭਾਅ ਹੈ ? ਕਿਸਾਨਾਂ ਦੀ ਪੈਦਾਵਾਰੀ ਖਰਚਾ ਕੀ ਹੈ । ਖੇਤੀ ਲਈ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਕਿਵੇਂ ਵਧੀਆ ਜਾਂ ਘਟੀਆ ਹਨ ? ਬਾਜ਼ਾਰ ਵਿਚ ਆਮ ਵਸਤਾਂ ਦੇ ਭਾਅ ਦਾ ਕੀ ਰੁਝਾਨ ਹੈ ।

ਕਿਸਾਨਾਂ ਦੇ ਖੇਤੀ ਖਰਚੇ ਹਿਸਾਬ ਵਿਚ ਲੈਣ ਸਮੇਂ ਕਿਸਾਨਾਂ ਵਲੋਂ ਦਿਹਾੜੀ ਆਦਿ ਉੱਤੇ ਲਏ ਮਜ਼ਦੂਰਾਂ ਦਾ ਖਰਚਾ, ਕਿਰਾਏ ਉੱਤੇ ਮਸ਼ੀਨਰੀ ਦਾ ਕਿਰਾਇਆ, ਠੇਕੇ ਉੱਤੇ ਲਈ ਜ਼ਮੀਨ ਦਾ ਠੇਕਾ, ਬੀਜ, ਖਾਦਾਂ, ਦੇਸੀ ਰੂੜੀ ਦੀ ਖਾਦ, ਸਿੰਚਾਈ ਦਾ ਖਰਚਾ, ਡੀਜ਼ਲ ਅਤੇ ਬਿਜਲੀ ਬਿੱਲ ਵਜੋਂ, ਜੋ ਟਿਊਬਵੈੱਲ ਚਲਾਉਣ ਸਮੇਂ ਖਰਚਾ ਕਰਨਾ ਪੈਂਦਾ ਹੈ, ਨੂੰ ਗਿਣਿਆ ਜਾਂਦਾ ਹੈ । ਇਸ ਤੋਂ ਇਲਾਵਾ ਕਿਸਾਨ ਦੀ ਆਪਣੀ ਅਤੇ ਆਪਣੇ ਪਰਿਵਾਰ ਦੀ ਮਿਹਨਤ ਦਾ ਖਰਚਾ ਵੀ ਗਿਣਿਆ ਜਾਂਦਾ ਹੈ । ਖੇਤੀ ਅਤੇ ਗੈਰ ਖੇਤੀ ਖੇਤਰ ਦੀਆਂ ਵਪਾਰਕ ਸ਼ਰਤਾਂ ਅਤੇ ਫਸਲ ਦੀ ਸਿਫਾਰਸ਼ ਕੀਤੀ ਕੀਮਤ ਦਾ ਦੇਸ਼ ਦੇ ਅਰਥਚਾਰੇ ਉੱਤੇ ਕੀ ਅਸਰ ਪਵੇਗਾ, ਇਸ ਦਾ ਵੀ ਧਿਆਨ ਕਰਨਾ ਹੁੰਦਾ ਹੈ । ਇਨ੍ਹਾਂ ਗੱਲਾਂ ਦਾ ਧਿਆਨ ਰੱਖਣ ਤੋਂ ਬਾਅਦ ਕੁੱਲ ਖਰਚ ਉੱਤੇ 50% ਹੋਰ ਜੋੜ ਕੇ ਭਾਅ ਦੀ ਸਿਫਾਰਸ਼ ਕਰਨੀ ਹੁੰਦੀ ਹੈ ।

ਖੇਤੀ ਵੀ ਇਕ ਵਪਾਰਕ ਧੰਦਾ ਹੈ । ਇਸ ਦੇ ਪੈਦਾਵਾਰੀ ਖਰਚੇ ਅੱਜਕੱਲ੍ਹ ਬਹੁਤ ਹਨ । ਮਹਿੰਗਾਈ ਕੇਵਲ ਕਿਸਾਨਾਂ ਦੀ ਜਿਣਸ ਨਾਲ ਨਹੀਂ ਹੁੰਦੀ । ਸਰਕਾਰ ਡੀਜ਼ਲ ਅਤੇ ਪੈਟਰੋਲ ਦੇ ਭਾਅ ਵਿਚ ਵਾਧਾ ਕਰ ਦਿੰਦੀ ਹੈ । ਉਸ ਨਾਲ ਟਰਾਂਸਪੋਰਟ ਖਰਚੇ ਵੱਧ ਜਾਂਦੇ ਹਨ, ਜੋ ਮਹਿੰਗਾਈ ਦਾ ਕਾਰਨ ਬਣਦੇ ਹਨ । ਸਰਕਾਰ ਜੀ. ਐਸ. ਟੀ. ਵਿਚ ਵਾਧਾ ਕਰਦੀ ਹੈ, ਉਸ ਨਾਲ ਵੀ ਮਹਿੰਗਾਈ ਹੁੰਦੀ ਹੈ । ਉਸ ਦੀ ਸਜ਼ਾ ਕਿਸਾਨਾਂ ਨੂੰ ਕਿਉਂ ? ਯੂਕਰੇਨ ਅਤੇ ਰੂਸ ਦੀ ਲੜਾਈ ਦਾ ਅਸਰ ਦੁਨੀਆ ਦੀ ਮੰਡੀ ਉੱਤੇ ਪਿਆ, ਮਹਿੰਗਾਈ ਵੱਧ ਗਈ, ਸਜ਼ਾ ਕਿਸਾਨਾਂ ਨੂੰ ਦਿਉਗੇ ? ਅੱਜ ਦੁਨੀਆਂ ਦੀ ਮੰਡੀ ਵਿਚ ਅਨਾਜ ਦੀ ਕਮੀ ਹੈ, ਸਰਕਾਰ ਨੇ ਕਣਕ ਦੇ ਨਿਰਯਾਤ ਉੱਤੇ ਪਾਬੰਦੀ ਲਾ ਦਿੱਤੀ । ਬਾਸਮਤੀ ਦੇ ਨਿਰਯਾਤ ਲਈ ਭਾਅ ਵਿਚ ਵਾਧਾ ਕਰਕੇ ਇਸ ਦੇ ਭਾਅ ਭਾਰਤ ਦੀ ਮੰਡੀ ਵਿਚ ਗਿਰਾ ਦਿੱਤੇ । ਕਣਕ ਦੀ ਆਯਾਤ ਲਈ ਕਸਟਮ ਡਿਊਟੀ ਘਟਾਉਣ ਅਤੇ ਆਯਾਤ ਕਰਨ ਦੇ ਸਰਕਾਰ ਦੇ ਐਲਾਨ ਨਾਲ ਹੀ ਕਣਕ ਦੇ ਭਾਅ ਵਿਚ ਵਧੇ ਨੂੰ ਬਰੇਕ ਲਗਾ ਦਿੱਤੀ । ਸਰਕਾਰ ਡੀਜ਼ਲ ਅਤੇ ਪੈਟਰੋਲ ਉੱਤੋਂ ਟੈਕਸ ਲਾ ਕੇ ਹਰ ਸਾਲ ਲੱਖਾਂ ਕਰੋੜ ਕਮਾ ਰਹੀ ਹੈ, ਜਿਸ ਨਾਲ ਮਹਿੰਗਾਈ ਹੁੰਦੀ ਹੈ । ਇਸ ਦੀ ਸਜ਼ਾ ਕਿਸਾਨਾਂ ਨੂੰ ? ਇਹ ਸਾਰੇ ਵਰਤਾਰੇ ਉੱਤੇ ਸਰਕਾਰ ਦਾ ਕੰਟਰੋਲ ਹੁੰਦਾ ਹੈ । ਇੰਡਸਟਰੀ ਦੇ ਖਰਚਿਆਂ ਦਾ ਕਿਸਾਨਾਂ ਨਾਲ ਕੀ ਸੰਬੰਧ ? ਸਰਕਾਰ ਆਪਦੀਆਂ ਜ਼ਿੰਮੇਵਾਰੀਆਂ ਦੀ ਆੜ ਵਿਚ ਕਿਸਾਨਾਂ ਨੂੰ ਰਗੜਾ ਕਿਉਂ ਲਾਉਂਦੀ ਹੈ ? ਕਮਿਸ਼ਨ ਉੱਤੇ ਅਜਿਹੀਆਂ ਸ਼ਰਤਾ ਦੇ ਹੁੰਦਿਆਂ ਕਿਸਾਨਾਂ ਲਈ ਕਦੀ ਵੀ ਲਾਹੇਵੰਦੇ ਭਾਅ ਮਿੱਥੇ ਹੀ ਨਹੀਂ ਜਾ ਸਕਦੇ ।

> ਸਰਕਾਰਾਂ ਨੂੰ ਹਮੇਸ਼ਾਂ ਬਾਜ਼ਾਰ ਵਿਚ ਮਹਿੰਗਾਈ ਦੀ ਹੀ ਚਿੰਤਾ ਰਹਿੰਦੀ ਹੈ । ਮਹਿੰਗਾਈ ਵੀ ਉਨ੍ਹਾਂ ਚੀਜ਼ਾਂ ਦੀ, ਜੋ ਕਿਸਾਨ ਪੈਦਾ ਕਰਦਾ ਹੈ । ਸਰਕਾਰ ਨੇ ਹਰੇ ਇਨਕਲਾਬ ਦੀ ਸ਼ੁਰੂਆਤ ਹੋਣ ਤੋਂ ਹੁਣ ਤੱਕ ਕਿਸੇ ਵੀ ਖੇਤੀ ਜਿਣਸ ਦਾ ਭਾਅ 30 ਗੁਣਾ ਤੋਂ ਵੱਧ ਨਹੀਂ ਵਧਾਇਆ । ਖੇਤੀ ਲਈ ਲੋੜੀਂਦੇ ਡੀਜ਼ਲ ਦਾ ਰੇਟ 87 ਪੈਸੇ ਲਿਟਰ ਤੋਂ ਵੱਧ ਕੇ 89 ਰੁਪਏ ਲੀਟਰ ਅਰਥਾਤ 110 ਗੁਣਾ ਹੋ ਗਿਆ, ਖਾਦਾਂ ਦੇ ਰੇਟ ਵੀ 110 ਤੋਂ 140 ਗੁਣਾਂ ਵੱਧ ਗਏ । ਖੇਤੀ ਮਸ਼ੀਨਰੀ ਦੀ ਕੀਮਤ 60 ਤੋਂ 70 ਗੁਣਾ ਵਧੇ । ਕਰਮਚਾਰੀਆਂ ਦੀ ਤਨਖਾਹ 600 ਗੁਣਾ ਵਧੀ ।

ਅਸੀਂ 12 ਮਾਰਚ ਤੋਂ 14 ਮਾਰਚ, 1984 ਤੱਕ ਚੰਡੀਗੜ੍ਹ ਵਿਚ ਪੰਜਾਬ ਰਾਜ ਭਵਨ ਦਾ ਘਿਰਾਓ ਕੀਤਾ । ਕਿਸਾਨਾਂ ਦੀਆਂ ਮੰਗਾਂ ਮੰਨਣ ਤੋਂ ਇਲਾਵਾ ਉਸ ਵੇਲੇ ਦੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਨੇ ਸ. ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਖੇਤੀ ਲਈ ਉਸ ਸਮੇਂ ਲੱਗੇ ਬਿਜਲੀ ਦੇ ਰੇਟਾਂ ਆਦਿ ਸੰਬੰਧੀ ਕਮੇਟੀ ਬਣਾਈ । ਇਸ ਕਮੇਟੀ ਨੇ ਆਪਣੀ ਸਰਕਾਰ ਨੂੰ ਉਸ ਸਮੇਂ ਸੌਂਪੀ ਰਿਪੋਰਟ ਵਿਚ ਲਿਖਿਆ ਕਿ 'ਪਿਛਲੇ ਇਕ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਕਿ ਕਿਸਾਨਾਂ ਦੇ ਮੁਨਾਫੇ ਨੂੰ ਸਰਕਾਰ ਲਗਾਤਾਰ ਘੱਟ ਭਾਅ ਮਿੱਥ ਕੇ ਨਿਚੋੜਦੀ ਆ ਰਹੀ ਹੈ ।' ਅਰਥਾਤ 1976 ਤੋਂ ਲਗਾਤਾਰ ਕਿਸਾਨਾਂ ਨੂੰ ਘੱਟ ਭਾਅ ਦੇ ਕੇ ਨਿਚੋੜਿਆ ਜਾਂਦਾ ਹੈ । ਇਸੇ ਤਰ੍ਹਾਂ ਸ. ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਡਾ. ਰਣਜੀਤ ਸਿੰਘ ਘੁੰਮਣ ਦੀ ਅਗਵਾਈ ਵਿਚ ਇਕ ਅਰਥ ਸ਼ਾਸਤਰੀਆਂ ਦੀ ਕਮੇਟੀ ਬਣਾਈ । ਇਸ ਕਮੇਟੀ ਨੇ ਕੇਵਲ ਪੰਜਾਬ ਦੇ ਕਿਸਾਨਾਂ ਲਈ ਕਣਕ ਅਤੇ ਝੋਨੇ ਦੇ ਭਾਅ ਨੂੰ ਕੀਮਤ ਸੂਚਕ ਅੰਕ ਨਾਲ ਜੋੜ ਕੇ ਇਨ੍ਹਾਂ ਦੇ ਭਾਅ ਸੰਬੰਧੀ ਇਕ ਰਿਪੋਰਟ 2008 ਵਿਚ ਪੰਜਾਬ ਸਰਕਾਰ ਨੂੰ ਦਿੱਤੀ । ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ 'ਕੇਂਦਰ ਸਰਕਾਰ ਨੇ ਕੇਵਲ ਕਣਕ ਅਤੇ ਝੋਨੇ ਦੀਆਂ ਦੋ ਫਸਲਾਂ ਦਾ ਘੱਟ ਭਾਅ ਮਿੱਥ ਕੇ ਪੰਜਾਬ ਦੇ ਕਿਸਾਨਾਂ ਦਾ 61696 ਕਰੋੜ ਰੁਪਈਆ ਲੁੱਟ ਲਿਆ ।' ਜੇ ਇਸ ਰਕਮ ਉੱਤੇ ਬੈਂਕ ਵਿਆਜ ਹੀ ਲਾ ਕੇ ਦੇਖਿਆ ਜਾਵੇ ਤਾਂ ਇਹ ਰਕਮ ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਤੋਂ ਵੱਧ ਬਣ ਜਾਵੇਗੀ । ਇਹ ਕੇਵਲ ਦੋ ਫਸਲਾਂ ਦਾ ਲੇਖਾ ਹੈ । ਜੇ ਗੰਨਾ, ਨਰਮਾ, ਦਾਲਾਂ, ਤੇਲ ਬੀਜ, ਆਲੂ, ਫਲ ਅਤੇ ਸਬਜ਼ੀਆਂ ਆਦਿ ਦਾ ਲੇਖਾ ਜੋੜ ਕੇ ਦੇਖਿਆ ਜਾਵੇ ਤਾਂ ਇਹ ਰਕਮ ਘੱਟੋ-ਘੱਟ ਦੋ ਲੱਖ ਕਰੋੜ ਤੋਂ ਵੀ ਵੱਧ ਜਾਵੇਗੀ । ਕਿਸਾਨਾਂ ਸਿਰ ਇਸ ਤੋਂ ਅੱਧਾ ਅਰਥਾਤ ਇਕ ਲੱਖ ਕਰੋੜ ਦਾ ਹੀ ਕਰਜ਼ਾ ਹੈ । ਸਪੱਸ਼ਟ ਹੈ ਕਿ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਲਈ ਕਿਸਾਨ ਦੋਸ਼ੀ ਨਹੀਂ । ਇਹ ਕੇਵਲ ਤੇ ਕੇਵਲ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਸਿੱਟਾ ਹੈ । ਕਿਸਾਨ ਆਮ ਤੌਰ 'ਤੇ ਅੱਧ ਪੜ੍ਹੇ ਜਾਂ ਅਨਪੜ੍ਹ ਹਨ । ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੀ ਐਮ.ਐਸ.ਪੀ. ਮਿੱਥਣ ਦੇ ਢੰਗ ਤਰੀਕੇ ਅਤੇ ਸਰਕਾਰੀ ਸਾਜਿਸ਼ਾਂ ਦਾ ਗਿਆਨ ਨਹੀਂ । ਸਾਡੇ ਵਿਚ ਤਾਂ ਬਹੁਤ ਸਾਰੇ ਕਿਸਾਨ ਹੀ ਅਜਿਹੇ ਹਨ ਜੋ ਕਰਜ਼ੇ ਲਈ ਕਿਸਾਨ ਨੂੰ ਹੀ ਦੋਸ਼ੀ ਠਹਿਰਾਈ ਜਾਂਦੇ ਹਨ ।

ਸਰਕਾਰਾਂ ਨੂੰ ਹਮੇਸ਼ਾਂ ਬਾਜ਼ਾਰ ਵਿਚ ਮਹਿੰਗਾਈ ਦੀ ਹੀ ਚਿੰਤਾ ਰਹਿੰਦੀ ਹੈ । ਮਹਿੰਗਾਈ ਵੀ ਉਨ੍ਹਾਂ ਚੀਜ਼ਾਂ ਦੀ, ਜੋ ਕਿਸਾਨ ਪੈਦਾ ਕਰਦਾ ਹੈ । ਸਰਕਾਰ ਨੇ ਹਰੇ ਇਨਕਲਾਬ ਦੀ ਸ਼ੁਰੂਆਤ ਹੋਣ ਤੋਂ ਹੁਣ ਤੱਕ ਕਿਸੇ ਵੀ ਖੇਤੀ ਜਿਣਸ ਦਾ ਭਾਅ 30 ਗੁਣਾ ਤੋਂ ਵੱਧ ਨਹੀਂ ਵਧਾਇਆ । ਖੇਤੀ ਲਈ ਲੋੜੀਂਦੇ ਡੀਜ਼ਲ ਦਾ ਰੇਟ 87 ਪੈਸੇ ਲਿਟਰ ਤੋਂ ਵੱਧ ਕੇ 89 ਰੁਪਏ ਲੀਟਰ ਅਰਥਾਤ 110 ਗੁਣਾ ਹੋ ਗਿਆ, ਖਾਦਾਂ ਦੇ ਰੇਟ ਵੀ 110 ਤੋਂ 140 ਗੁਣਾਂ ਵੱਧ ਗਏ । ਖੇਤੀ ਮਸ਼ੀਨਰੀ ਦੀ ਕੀਮਤ 60 ਤੋਂ 70 ਗੁਣਾ ਵਧੇ । ਕਰਮਚਾਰੀਆਂ ਦੀ ਤਨਖਾਹ 600 ਗੁਣਾ ਵਧੀ । ਸਰਕਾਰ ਜੀ. ਐਸ. ਟੀ. ਵਧਾਉਂਦੀ ਹੈ, ਇਸ ਨਾਲ ਮਹਿੰਗਾਈ ਹੁੰਦੀ ਤਾਂ ਸਜ਼ਾ ਕਿਸਾਨ ਨੂੰ । ਹਰ ਉਸ ਸਰਕਾਰੀ ਫ਼ੁਰਮਾਨ ਦੀ ਸਜ਼ਾ ਕਿਸਾਨ ਨੂੰ ਮਿਲਦੀ ਹੈ, ਜਿਸ ਨਾਲ ਸਰਕਾਰੀ ਖਰਚੇ ਅਰਥਾਤ ਮਹਿੰਗਾਈ ਵਧੇ ।

ਸਰਕਾਰ ਜਦੋਂ ਵੀ ਖੇਤੀ ਜਿਣਸਾਂ ਦੇ ਭਾਅ ਐਲਾਨ ਕਰਦੀ ਹੈ ਤਾਂ ਉਹ ਉਸ ਭਾਅ ਨੂੰ ਘੱਟ ਤੋਂ ਘੱਟ ਸਮਰਥਨ ਕੀਮਤ ਕਹਿ ਕੇ ਐਲਾਨ ਕਰਦੀ ਹੈ, ਮੁਨਾਫਾ ਬਖਸ਼ ਕਹਿ ਕੇ ਨਹੀਂ । ਫਿਰ ਵੀ ਇਹ ਕੋਈ ਗਾਰੰਟੀ ਨਹੀਂ ਕਿ ਹਰ ਜਿਣਸ ਸਰਕਾਰ ਵਲੋਂ ਮਿੱਥੀ ਐਮ ਐਸ ਪੀ ਉੱਤੇ ਵਿਕੇ । ਮੂੰਗੀ ਦੀ ਦਾਲ ਦੀ ਸਰਕਾਰੀ ਮਿੱਥੀ ਕੀਮਤ 8626 ਰੁਪਏ ਕੁਇੰਟਲ ਹੈ, ਪਰ ਬਾਜ਼ਾਰ ਵਿਚ ਇਹ 5500 ਤੋਂ 6300 ਰੁਪਏ ਤੱਕ ਵਿਕਦੀ ਹੈ । ਸੂਰਜਮੁਖੀ ਦੀ ਮਿੱਥੀ ਕੀਮਤ 7280 ਰੁਪਏ ਹੈ ਪਰ ਬਾਜ਼ਾਰ ਵਿਚ ਇਹ 5500 ਤੋਂ ਵੱਧ ਕਿਤੇ ਨਹੀਂ ਵਿਕਦੀ । ਅਰਹਰ ਦੀ ਦਾਲ ਨੂੰ ਪੈਦਾ ਕਰਨ ਵਾਲੇ ਮਹਾਰਾਸ਼ਟਰ ਅਤੇ ਕਰਨਾਟਕ ਵਰਗੇ ਰਾਜਾਂ ਵਿਚ ਕਿਸਾਨਾਂ ਵਿਚ ਹਾਹਾਕਾਰ ਮਚੀ ਹੋਈ ਹੈ । ਇਸ ਦੀ ਸਰਕਾਰੀ ਐਮ ਐਸ ਪੀ 7550 ਰੁਪਏ ਹੈ ਪਰ ਬਾਜ਼ਾਰ ਵਿਚ ਕੋਈ 4000 ਰੁਪਏ ਨੂੰ ਵੀ ਨਹੀਂ ਪੁੱਛਦਾ । ਪਰ ਖਪਤਕਾਰ ਇਹੋ ਅਰਹਰ ਦੀ ਦਾਲ 160 ਰੁਪਏ ਕਿਲੋ ਅਰਥਾਤ 16000 ਰੁਪਏ ਕੁਇੰਟਲ ਖਰੀਦਦਾ ਹੈ । ਮੂੰਗੀ ਵਪਾਰੀ 6000 ਰੁਪਏ ਖਰੀਦ ਕੇ 10 ਹਜ਼ਾਰ ਰੁਪਏ ਕੁਇੰਟਲ ਵੇਚਦਾ ਹੈ । ਇਹੋ ਹਾਲ ਤੇਲ ਬੀਜਾਂ ਦਾ ਹੈ । ਸਾਡੀ ਸਰਕਾਰ ਹਰ ਸਾਲ ਦਾਲਾਂ ਅਤੇ ਖਾਣ ਵਾਲੇ ਤੇਲ ਆਪਣੇ ਚਹੇਤਿਆਂ ਅਡਾਨੀਆਂ ਰਾਹੀਂ ਵਿਦੇਸ਼ਾਂ ਤੋਂ ਮੰਗਵਾਉਣ ਲਈ ਹਰ ਸਾਲ ਸਾਢੇ ਤਿੰਨ ਲੱਖ ਕਰੋੜ ਰੁਪਏ ਖਰਚ ਕਰਦੀ ਹੈ । ਜੇ ਸਰਕਾਰ ਆਪਣੇ ਕਿਸਾਨਾਂ ਹੀ ਐਮ ਐਸ ਪੀ ਦੀ ਗਾਰੰਟੀ ਦਾ ਕਾਨੂੰਨ ਬਣਾ ਕੇ ਉਨ੍ਹਾਂ ਦੇ ਤੇਲ ਬੀਜਾਂ ਅਤੇ ਦਾਲਾਂ ਦੀ ਖਰੀਦ ਯਕੀਨਾਂ ਬਣਾ ਦੇਵੇ ਤਾਂ ਸਾਡੇ ਕਿਸਾਨ ਦੋ ਸਾਲਾਂ ਵਿਚ ਹੀ ਦੇਸ਼ ਨੂੰ ਦਾਲਾਂ ਅਤੇ ਤੇਲ ਬੀਜਾਂ ਵਿਚ ਆਤਮ ਨਿਰਭਰ ਕਰ ਦੇਣਗੇ ।

ਸਭ ਤੋਂ ਵੱਡੀ ਮੁਸ਼ਕਿਲ ਹੀ ਇਹ ਹੈ ਕਿ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਅਤੇ ਮਹਿੰਗਾਈ ਅਲਾਮਤਾਂ ਦਾ ਬੋਝ ਕਿਸਾਨਾਂ ਸਿਰ ਪਾ ਕੇ ਜਿੱਥੇ ਕਾਰਪੋਰੇਟ ਘਰਾਣਿਆਂ ਨੂੰ ਪਾਲਦੀ ਹੈ, ਉੱਥੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ, ਗਰੀਬੀ ਵਿਚ ਫਸਾਈ ਰੱਖਣਾ ਚਾਹੁੰਦੀ ਹੈ । ਇਸ ਮਸਲੇ ਨੂੰ ਜਿੰਨਾਂ ਉਧੇੜੋਗੇ ਓਨਾਂ ਹੀ ਰੰਢੇ ਦੇ ਪੱਤ ਵਾਂਗ ਖਿਲਾਰਾ ਤਾਂ ਪੈ ਜਾਵੇਗਾ ਪਰ ਹੱਲ ਨਹੀਂ ਨਿਕਲੇਗਾ, ਕਿਉਂਕਿ ਕਿਸਾਨ ਅਨਪੜ੍ਹ ਅਤੇ ਅਸੰਗਠਿਤ ਹੈ ਅਤੇ ਸਰਕਾਰ ਬੇਈਮਾਨ। ਸਰਕਾਰ ਕਿਸਾਨਾਂ ਨੂੰ ਰੋਲ ਅਤੇ ਤੋੜ ਕੇ ਰੱਖਦੀ ਹੈ । ਉਸ ਦੇ ਇਸੇ ਵਿਚ ਹਿੱਤ ਹਨ । ਕਿਸਾਨ ਨੂੰ ਸਮਝ ਨਹੀਂ ਪੈਂਦੀ । ਧਨੀ ਰਾਮ ਚਾਤ੍ਰਿਕ ਦੀ ਕਵਿਤਾ ਠੀਕ ਢੁੱਕਦੀ ਹੈ ਜਿਸ ਵਿਚ ਉਸ ਨੇ ਕਿਸਾਨਾਂ ਨੂੰ ਕਿਹਾ, ''ਤੇਰੇ ਉੱਲੂ ਹੋਣ ਨਾਲ ਉੱਲੂ ਸਿੱਧਾ ਹੋ ਰਿਹਾ ਈ, ਦੇ ਦੇ ਕੇ ਫੂਲੌਣੀਆਂ ਨਚਾਉਣ ਵਾਲੇ ਯਾਰਾਂ ਦਾ ।''

# ਮਸ਼ੀਨੀ ਯੁੱਗ ਨੇ ਖਤਮ ਕੀਤਾ ਕਿਰਤ ਸੱਭਿਆਚਾਰ

ਮਨੁੱਖ ਨੇ ਕਿਰਤ ਸੱਭਿਆਚਾਰ ਨਾਲ ਜੁੜ ਕੇ ਹੀ ਤਰੱਕੀ ਦੀਆਂ ਬੁਲੰਦੀਆਂ ਸਰ ਕੀਤੀਆਂ ਹਨ। ਮਨੁੱਖੀ ਸੂਝ ਸਦਕਾ ਸਾਹਿਤ ਹੋਂਦ ਵਿੱਚ ਆਇਆ। ਕਿਰਤ, ਮਨੁੱਖੀ ਸੂਹਜ ਅਤੇ ਸਾਹਿਤ ਦਾ ਨਹੁੰ-ਮਾਸ ਦਾ ਰਿਸ਼ਤਾ ਕਿਹਾ ਜਾ ਸਕਦਾ ਹੈ। ਤਬਦੀਲੀ ਕੁਦਰਤ ਦਾ ਨੇਮ ਹੈ। ਜਿਵੇਂ-ਜਿਵੇਂ ਸਮਾਜਿਕ ਤਬਦੀਲੀ ਆਉਂਦੀ ਹੈ, ਉਵੇਂ ਹੀ ਹਰ ਪਾਸੇ ਬਦਲਾਅ ਹੁੰਦਾ ਹੈ। ਵਾਰਸ ਸ਼ਾਹ ਦੀ ਸ਼ਾਹਕਾਰ ਰਚਨਾਂ 'ਹੀਰ' ਚ ਹਰੇਕ ਸਮਾਜਿਕ ਵਿਸ਼ੇ ਨੂੰ ਰਚਨਾਕਾਰ ਨੇ ਬਹੁਤ ਹੀ ਬਾਰੀਕਬੀਨੀ ਨਾਲ ਬਿਆਨ ਕੀਤਾ ਹੈ। ਇਸ ਲੇਖ ਲਈ ਕਿਰਤ ਨਾਲ ਜੁੜਦੀਆਂ ਦੋ ਹੀ ਲਾਈਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ :

ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ
ਪਈਆਂ ਚਾਟੀਆਂ ਵਿੱਚ ਮਧਾਣੀਆਂ ਨੀ।
ਘਰ ਬਾਰਨਾ ਚੱਕੀਆਂ ਝੋਤੀਆਂ ਨੀ
ਜਿਨ੍ਹਾਂ ਤਾਉਣਾ ਗੁੰਨ੍ਹ ਪਕਾਉਣੀਆਂ ਨੀ।

ਭਾਵ ਸਾਜਰੇ ਉੱਠ ਕੇ ਹਰੇਕ ਹੀ ਆਪਣੇ ਕੰਮ ਨਾਲ ਜੁੜ ਜਾਂਦਾ ਸੀ। ਪੁਰਾਣੇ ਸਮੇਂ 'ਚ ਸਾਰੇ ਹੀ ਘਰੇਲੂ ਕੰਮ ਹੱਥੀਂ ਕਰਨੇ ਪੈਂਦੇ ਸਨ। ਯਾਤਰਾ 'ਤੇ ਪੈਦਲ ਤੁਰ ਕੇ ਜਾਇਆ ਜਾਂਦਾ ਸੀ। ਜੇ ਕਿਸਾਨ ਤੜਕੇ ਉੱਠ ਕੇ ਹਲ ਜੋੜ ਕੇ ਖੇਤਾਂ 'ਚ ਤੁਰ ਜਾਂਦਾ ਸੀ ਤਾਂ ਸੁਆਣੀਆਂ ਵੀ ਉੱਠ ਕੇ ਆਪਣੇ ਕੰਮ ਧੰਦੇ ਲੱਗ ਜਾਂਦੀਆਂ ਸਨ। ਕਿਰਤ ਸੱਭਿਆਚਾਰ ਦੇ ਨਾਲ-ਨਾਲ ਹੀ ਸਾਹਿਤ ਤੁਰਦਾ ਹੈ। ਹਰ ਮਨੁੱਖੀ ਸੁਹਜ ਅਤੇ ਕਿਰਤ ਦੀ ਗੱਲ ਸਾਹਿਤ ਵਿੱਚ ਕਹਾਵਤਾਂ, ਮੁਹਾਵਰੇ ਅਤੇ ਲੋਕ ਗੀਤਾਂ 'ਚ ਕੀਤੀ ਗਈ ਹੈ, ਜਦੋਂ ਕੋਈ ਧੀ ਮੋਹਲੇ ਨਾਲ ਝੋਨਾ ਛੜਦਿਆਂ ਥਕਾਵਟ ਮਹਿਸੂਸ ਕਰਦਿਆਂ ਆਖਦੀ ਸੀ, 'ਹਾਏ ਮਾਂ ਨੀ ਮੈਂ ਥੱਕੀ' ਤਾਂ ਮਾਂ ਦਾ ਜਵਾਬ ਹੁੰਦਾ ਸੀ, 'ਧੀਏ ਛੱਡ ਮੋਹਲਾ ਤੇ ਝੋਅ ਚੱਕੀ।' ਜਿੰਨ੍ਹਾ ਦੀ ਖਾਣਾ ਹੁੰਦਾ, ਉੱਖਲੀ ਵਿੱਚ ਮੋਹਲੇ ਨਾਲ ਛੜਿਆ ਜਾਂਦਾ ਅਤੇ ਹੱਥ ਚੱਕੀ ਨਾਲ ਪੀਸਿਆ ਜਾਂਦਾ ਸੀ। ਸ਼ਾਇਦ ਤਾਂ ਹੀ ਇਹ ਮੁਹਾਵਰਾ ਹੋਂਦ ਵਿੱਚ ਆਇਆ ਹੋਵੇਗਾ, 'ਉੱਖਲੀ ਵਿੱਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ'। ਹੁਣ ਝੋਨਾ ਸ਼ੈਲਰਾਂ 'ਤੇ ਛੜੀਦਾ ਹੈ ਅਤੇ ਆਟਾ



ਬਿਜਲਈ ਮਸ਼ੀਨਾਂ ਜਾਂ ਫਲੌਰ ਮਿੱਲਾਂ 'ਚ ਪੀਸਿਆ ਜਾਂਦਾ ਹੈ। ਚੱਕੀਆਂ, ਉੱਖਲੀਆਂ ਅਤੇ ਘਰਾਟ ਬੀਤੇ ਸਮੇਂ ਦੀ ਗੱਲ ਹੋ ਗਏ ਹਨ।

ਥੋੜ੍ਹੀ ਤਰੱਕੀ ਹੋਈ ਤਾਂ ਔਰਤਾਂ ਰਾਜਨੀਤੀ ਵਿੱਚ ਵੀ ਆਪਣੀ ਹਾਜ਼ਰੀ ਲਗਵਾਉਣ ਲੱਗੀਆਂ। ਕਿਧਰੇ-ਕਿਧਰੇ ਮਿੱਟੀ ਦੇ ਤੇਲ ਨਾਲ ਚੱਲ੍ਹਣ ਵਾਲੇ ਸਟੋਵ, ਪਿੰਡਾਂ ਵਿੱਚ ਇੰਜਣਾਂ 'ਤੇ ਚੱਲਣ ਵਾਲੀਆਂ ਚੱਕੀਆਂ ਚੱਲ ਪਈਆਂ, ਉਸ ਵੇਲੇ ਤੀਵੀਆਂ ਦੀ ਚੜ੍ਹਤ ਨੂੰ ਇੰਝ ਬਿਆਨ ਕੀਤਾ ਗਿਆ, 'ਚੱਕੀ ਛੁੱਟ ਕਈ ਚੁੱਲ੍ਹੇ ਨੇ ਛੁੱਟ ਜਾਣਾ, ਬਈ ਤੀਵੀਆਂ ਦਾ ਰਾਜ ਆ ਗਿਆ'। ਜਾਂ 'ਦਾਣੇ ਚੁੱਕ ਕੇ ਘਰਾਟ ਉੱਤੇ ਲੈ ਜਾ, ਚੱਕੀ ਤੋੜ ਕਰਾਂ ਡੱਕਰੇ।' ਤੀਵੀਆਂ ਦਾ ਰਾਜ ਹੋਵੇ ਤੇ ਤੀਵੀਂ ਧੌਂਸ ਨਾ ਦੇਵੇ ਇਹ ਕਿਵੇਂ ਹੋ ਸਕਦਾ ਹੈ ? 'ਸਾਡਾ ਖੌਂਸੜਾ ਚੱਕੀ ਨੂੰ ਹੱਥ ਲਾਉਂਦਾ ਵੇ ਦਰ 'ਤੇ ਮਸ਼ੀਨ ਚੱਲਦੀ।'

ਤੜਕੇ ਉੱਠ ਕੇ ਹਲ ਵਾਹੁੰਦਿਆਂ ਕਿਸਾਨ ਥੱਕ-ਟੁੱਟ ਕੇ ਚੂਰ ਹੋ ਜਾਂਦਾ ਸੀ। ਉਸ ਤੋਂ ਬਾਅਦ ਪਸ਼ੂਆਂ ਲਈ ਪੱਠੇ ਵੱਢਣੇ ਅਤੇ ਫਿਰ ਹੱਥ ਵਾਲੇ ਗੰਡਾਸੇ ਨਾਲ ਕੁਤਰ ਕੇ ਪਾਉਣੇ ਸਭ ਤੋਂ ਔਖਾ ਕੰਮ ਹੁੰਦਾ ਸੀ। ਕਿਸਾਨ ਦੀ ਅਜਿਹੀ ਹਾਲਤ ਨੂੰ ਕਿਸੇ ਨੇ ਇੰਜ ਕਲਮਬੱਧ ਕੀਤਾ ਹੈ, 'ਹਲ ਵਾਹ ਪੱਠਿਆਂ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ।'

ਸਮਾਂ ਕੋਈ ਵੀ ਹੋਵੇ, ਮਰਦ ਅਤੇ ਔਰਤ ਨੂੰ ਇੱਕ ਦੂਜੇ ਨਾਲੋਂ ਘਟਾ ਕੇ ਕਿਵੇਂ ਵੀ ਨਹੀਂ ਵੇਖਿਆ ਜਾ ਸਕਦਾ। ਪਹਿਲਾਂ ਵੀ ਅਤੇ ਹੁਣ ਵੀ ਔਰਤ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਵਿਚਰਦੀ ਰਹੀ ਹੈ। ਖੇਤੀਂ ਗਏ ਕਿਸਾਨ ਦਾ ਜੱਟੀ ਨੂੰ ਖਿਆਲ ਰਹਿੰਦਾ ਸੀ। ਉਹ ਘਰ ਦੇ ਸਾਰੇ ਕੰਮ-ਕਾਰ ਖਤਮ ਕਰਕੇ ਪਤੀ ਲਈ ਛਾਹ ਵੇਲਾ ਅਤੇ ਬਲਦਾਂ ਵਾਸਤੇ ਦਲ ਆਦਿ ਮਲ ਕੇ ਬੜੇ ਮਾਣ ਮਟਕ ਨਾਲ ਤੁਰੀ ਜਾਂਦੀ ਦੀ ਤਸਵੀਰ ਆਪ ਮੁਹਾਰੇ ਖਿੱਚੀ ਜਾਂਦੀ, 'ਜੱਟੀ ਪੰਦਰਾਂ ਮੁਰੱਬਿਆਂ ਵਾਲੀ, ਭੱਤਾ ਲੈ ਕੇ ਖੇਤ ਨੂੰ ਚੱਲੀ।' ਮਰਦ ਸਾਥੀ ਨੂੰ ਹੋਰ ਹੱਲਾਸ਼ੇਰੀ ਅਤੇ ਬਰਾਬਰ ਕੰਮ ਕਰਨ ਨੂੰ ਲਲਕਾਰਦੀ ਹੋਈ ਉਹ ਇੰਜ ਵੀ ਆਖਦੀ, 'ਹਾੜੀ ਵੱਢੂੰਗੀ ਬਰਾਬਰ ਤੇਰੇ ਵੇ ਦਾਤੀ ਨੂੰ ਲਵਾ ਦੇ ਘੁੰਗਰੂ' ਜਾਂ 'ਉੱਥੇ ਲੈ ਚੱਲ ਚਰਖਾ ਮੇਰਾ ਵੇ ਜਿੱਥੇ ਤੇਰੇ ਹਲ ਵਗਦੇ।' ਸੰਚਾਰ ਸਾਧਨਾਂ 'ਚ ਤਬਦੀਲੀ ਆਈ ਅਤੇ ਟਾਂਵੇਂ-ਟੱਲੇ ਟੈਲੀਫੋਨ ਲੱਗ ਗਏ। ਫਿਰ ਗਰਮੀ ਤੋਂ ਦੁੱਖੀ ਹੋਈ ਨੇ ਇੰਝ ਵੀ ਆਖਿਆ, 'ਸਿਖਰ ਦੁਪਹਿਰੇ ਚੰਨਾ ਧੁੱਪੇ ਗੇੜੇ ਮਾਰਦੀ ਦਾ ਜਾਵੇ ਸੁੱਕਦਾ ਸਰੀਰ ਵਿੱਚੋਂ ਖ਼ੂਨ ਹਾਣੀਆ, ਵੇ ਖੇਤੋਂ ਘਰ ਨੂੰ ਲਵਾ ਦੇ ਟੈਲੀਫੋਨ ਹਾਣੀਆ।' ਜੇ ਪੰਜ ਕੁ ਦਹਾਕੇ ਪਿਛਲ ਝਾਤ ਪਾ ਕੇ ਹੱਥੀਂ ਕਿਰਤ ਕਿੰਝ ਹੁੰਦੀ ਸੀ, ਦੇ ਬਾਰੇ ਅਜੋਕੀ ਡਿਜ਼ੀਟਲ ਪੀੜ੍ਹੀ ਨੂੰ ਦੱਸਿਆ ਜਾਵੇ ਤਾਂ ਉਹ ਯਕੀਨ ਨਹੀਂ ਕਰਦੀ। ਕਿਸਾਨ ਜਦੋਂ ਪੈਲੀ ਵਾਹ ਬਣਾ ਕੇ ਬੀਜਣ ਲਈ ਬੀਜ ਦਾ ਛੱਟਾ ਦਿੰਦਾ ਸੀ ਤਾਂ 'ਨਗਰ ਖੇੜੇ ਦੇ ਭਾਗੀਂ, ਚਿੜੀ ਜਨੌਰ ਕੇ ਭਾਗੀਂ' ਕਹਿ ਕੇ ਹਰੇਕ ਨਾਲ ਕਿਰਤ ਦੀ ਸਾਂਝ ਪਾਉਂਦਾ ਸੀ। ਬਾਬਾ ਨਾਨਕ ਨੇ ਵੀ ਕਿਰਤ ਕਰੋ ਅਤੇ ਵੰਡ ਕੇ ਛਕਣ ਦੀ ਗੱਲ ਕੀਤੀ ਹੈ। ਕਿਸਾਨ ਭੱਤਾ ਲੈ ਕੇ ਆਈ ਸੁਆਣੀ ਤੋਂ ਆਪਣੇ ਨਾਲੋਂ ਪਹਿਲਾਂ ਬਲਦਾਂ ਦੇ ਖਾਣੇ ਲਈ ਪੁੱਛਦਾ ਸੀ। ਖੇਤੀਂ ਹੱਥੀਂ ਵੱਢਦਾ, ਖਲਵਾੜੇ ਲੱਗਦੇ, ਹਾੜੀ ਦੀ ਫਸਲ ਕੱਢਦਿਆਂ ਫਲਿਆਂ ਵੇਲੇ ਵਹਿੜਕਿਆਂ ਨੂੰ ਹਾਲੀ ਕੱਢਿਆ ਜਾਂਦਾ। ਹਾੜੀ ਦੀ ਫਸਲ ਘਰ ਪਹੁੰਚਣ ਲਈ ਦੋ-ਢਾਈ ਮਹੀਨੇ ਦਾ ਸਮਾਂ ਲੱਗਦਾ। ਦਾਣਾ-ਫੱਕਾ ਸਾਂਭ ਕੇ ਦੇਣਦਾਰੀਆਂ ਤੋਂ ਸੁਰਖਰੂ ਹੋ ਕੇ ਢੋਲੇ ਦੀਆਂ ਹੇਕਾਂ ਲਾਉਂਦੇ ਨੂੰ ਮਸ਼ਹੂਰ ਕਵੀ ਧਨੀ ਰਾਮ ਚਾਤ੍ਰਿਕ ਦੀ ਕਲਮ ਨੇ ਇੰਝ ਬਿਆਨ ਕੀਤਾ :

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਕਾਮਾ ਛੱਡ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।



ਜ਼ਿਆਦਾ ਸਮਾਂ ਨਹੀਂ ਹੋਇਆ। ਬਹੁਤੀ ਖੇਤੀ ਮੀਹਾਂ 'ਤੇ ਨਿਰਭਰ ਕਰਦੀ ਸੀ। ਖੂਹ ਜੋਤਣ ਲਈ ਵਾਰੀਆਂ ਲਗਦੀਆਂ ਸਨ। ਖੂਹ ਰਾਤ-ਦਿਨ ਵਗਦੇ ਸਨ। ਬਲਦਾਂ ਦੀਆਂ ਟੱਲੀਆਂ, ਕੁੱਤੇ ਦੀ ਟਿਕ-ਟਿਕ, ਸੁੱਕੇ ਗਿੜਦੇ ਢੋਲ-ਝਵੱਕਲੀਆਂ ਅਤੇ ਬੈੜਾਂ ਦੀ ਚੀਂ-ਚੀਂ ਵਾਤਾਵਰਣ ਵਿੱਚ ਸੰਗੀਤਕ ਰਸ ਘੋਲਦੀ ਸੀ। ਖੂਹਾਂ 'ਤੇ ਪਾਣੀ ਭਰਦੀਆਂ ਅਤੇ ਕੱਪੜੇ ਧੋਂਦੀਆਂ ਮੁਟਿਆਰਾਂ ਦੇ ਹਾਸਿਆਂ ਦੀ ਛਣਕਾਰ, ਪਾਣੀ ਭਰਨ ਬਹਾਨੇ ਸੱਜਣਾ ਨਾਲ ਅੱਖ ਮਟੱਕਾ, ਮੇਲ-ਮਿਲਾਪ, ਕਿਸੇ ਰਾਹੀ ਵੱਲੋਂ ਖੂਹ ਤੋਂ ਪਾਣੀ ਭਰਦੀ ਮੁਟਿਆਰ ਕੋਲੋਂ ਪਾਣੀ ਦੀ ਮੰਗ, ਖੂਹਾਂ ਲਾਗੇ ਬੋਹੜਾਂ-ਪਿੱਪਲਾਂ ਦੀ ਠੰਢੀ ਛਾਵੇਂ ਤਾਸ਼ਾਂ ਦੀਆਂ ਢਾਣੀਆਂ, ਗੁਰ ਸਾਖੀਆਂ ਸੁਣਦੇ ਨਿਆਣੇ-ਸਿਆਣੇ ਨੇ ਇਕ ਤਰ੍ਹਾਂ ਮੇਲੇ ਵਰਗਾ ਮਾਹੌਲ ਸਿਰਜਿਆ ਹੁੰਦਾ ਸੀ।

ਹੁਣ ਕੋਈ ਜੱਟੀ ਨਾਂ ਤਾ ਚਰਖਾ ਚੁੱਕ ਕੇ ਖੇਤ ਲਿਜਾਣ ਨੂੰ ਆਖਦੀ ਹੈ ਅਤੇ ਨਾ ਹੀ ਫੋਨ ਲਗਵਾਉਣ ਦੀ ਗੱਲ ਕਰਦੀ ਹੈ, ਕਿਉਕਿ ਹਰੇਕ ਨੇ ਮੋਬਾਈਲ ਹੱਥਾਂ 'ਚ ਫੜਿਆ ਹੋਇਆ ਹੈ। ਅਜੋਕੀ ਜੱਟੀ ਜਵਾਕ ਤਾਂ ਭੁੱਲ ਸਕਦੀ ਹੈ ਪਰ ਫੋਨ ਨਹੀਂ। ਮਸ਼ੀਨੀ ਯੁੱਗ ਨੇ ਸਭ ਕੁੱਝ ਹੀ ਬਦਲ ਕੇ ਰੱਖ ਦਿੱਤਾ ਹੈ। ਕਿਸ਼ਤਾਂ 'ਤੇ ਲਏ ਅਰਜਨ ਟਰੈਕਟਰ ਨਾਲ ਜੱਟ ਘੰਟਿਆਂ ਦਾ ਕੰਮ ਮਿੰਟਾਂ 'ਚ ਖਤਮ ਕਰ ਕੇ ਬਰੇਕ ਫਾਸਟ ਅਤੇ ਲੰਚ ਘਰ ਆ ਕੇ ਕਰਨ ਦੀ ਸੂਚਨਾ ਮੋਬਾਈਲ 'ਤੇ ਦਿੰਦਾ ਹੈ। ਗੱਭਰੂ ਪੁੱਤ ਦਸ ਵਜੇ ਤੱਕ ਜੈੱਲ ਲਾ ਵਾਲ ਖੜ੍ਹੇ ਕਰ ਕੇ ਬਾਪੂ ਨਾਲ ਜ਼ਿਦ ਕਰ ਕੇ ਕਿਸ਼ਤਾਂ 'ਤੇ ਲਏ ਇਨਫੀਲਡ 'ਤੇ ਬੈਠ ਕੇ ਸ਼ਹਿਰ ਜਾਂ ਕਿਸੇ ਸਕੂਲ-ਕਾਲਜ ਦੇ ਗੇਟ ਮੂਹਰੇ ਆ ਖੜ੍ਹਦਾ ਹੈ, ਜਿਸ ਨੂੰ ਅਜੋਕੀ ਭਾਸ਼ਾ ਵਿੱਚ ਟਾਈਮ ਚੁੱਕਣਾ ਵੀ ਕਿਹਾ ਜਾਂਦਾ ਹੈ।

ਹੁਣ ਸਾਰਾ ਦਿਨ ਵਾਢੀ ਨਹੀਂ ਹੁੰਦੀ, ਵਾਢੀ ਤੋਂ ਬਾਅਦ ਖਲਵਾੜੇ ਨਹੀਂ ਲੱਗਦੇ, ਸਿੱਟੇ ਨਹੀਂ ਚੁਣੇ ਜਾਂਦੇ, ਧੂੜਾਂ ਉਡਾਉਣ ਲਈ ਪੱਛੋਂ ਦੀ 'ਵਾ ਦੀ ਉਡੀਕ ਨਹੀਂ ਕੀਤੀ ਜਾਂਦੀ। ਮਸ਼ੀਨਾਂ ਪਲਾਂ ਵਿੱਚ ਹੀ ਖੇਤ ਵਿਹਲੇ ਕਰ ਦਿੰਦੀਆਂ ਹਨ। ਵੇਚ-ਵੱਟ ਸ਼ਾਹਾਂ ਦਾ ਹਿਸਾਬ ਕੱਟ ਕੇ ਹੁਣ ਦਮਾਮੇ ਮਾਰਦਾ ਜੱਟ ਮੇਲੇ ਨਹੀਂ ਜਾਂਦਾ। ਕਿਸੇ ਆੜ੍ਹਤੀਏ ਕੋਲੋਂ ਪੈਸੇ ਫੜ ਕੇ ਬੈਂਕ ਤੋਂ ਬਣਾਈ ਲਿਮਟ ਨਵੀਂ ਪੁਰਾਣੀ ਕਰਵਾਉਣ ਜਾਂਦਾ ਹੈ। 'ਸੁਰਖਰੂ' ਹੋਣ ਲਈ ਆਪਣੇ ਵਾਸਤੇ 'ਅਸਰ ਕਰਨ ਵਾਲੀ' ਦਵਾਈ ਦੀ ਭਾਲ ਕਰਦਾ ਹੈ। ਦੂਜੇ ਪਾਸੇ ਅਜੋਕੇ ਅਖੌਤੀ ਸਾਹਿਤ ਸਭਿਆਚਾਰ ਵਿੱਚ ਜੱਟ ਅਤੇ ਜੱਟੀ ਵੀ ਫੁਕਰੀਆਂ ਮਾਰਦੇ ਦਿਸਦੇ ਹਨ, 'ਜੱਟ ਦਾ ਬੁਲਟ ਮਾਰੇ ਬੜ੍ਹਕਾਂ ਲੁਧਿਆਣਾ ਜੀ. ਟੀ. ਰੋਡ 'ਤੇ' ਜਾਂ 'ਵਿੱਚ ਬਲੈਰੋ ਦੇ ਰੱਖ ਲਈ ਦੇਸੀ ਰੰਨ।' ਇਕ ਕਦਮ ਹੋਰ ਅੱਗੇ ਪੁੱਟਦਿਆਂ, 'ਜਿੰਨੀ ਤੇਰੀ ਕਾਲਜ ਦੀ ਫੀਸ ਬੱਲੀਏ, ਓਨੀ ਨਾਗਣੀ ਜੱਟਾਂ ਦਾ ਪੁੱਤ ਖਾਂਦਾ ਤੜਕੇ' ਕਹਿ ਕੇ ਅਜੋਕਾ ਗੱਭਰੂ ਆਪਣੇ-ਆਪ ਨੂੰ ਨਸ਼ੇ ਪੱਤੇ ਦਾ ਆਦੀ ਵੀ ਦੱਸ ਰਿਹਾ ਹੈ। ਕਿਸਾਨੀ ਕਿਸੇ ਵੀ ਸਾਮਾਜ ਦਾ ਅਜਿਹਾ ਕਿੱਤਾ ਹੈ, ਜਿਸ ਨਾਲ ਹਰੇਕ ਵਰਗ ਜੁੜ ਜਾਂਦਾ ਹੈ। ਲੱਕੜ ਦੇ ਕਾਰੀਗਰ, ਮਿੱਟੀ ਦੇ ਬਰਤਨ ਬਣਾਉਣ ਵਾਲੇ, ਲੋਹੇ ਦਾ ਕੰਮ ਕਰਨ ਵਾਲੇ, ਛੋਟੇ-ਵੱਡੇ ਦੁਕਾਨਦਾਰ, ਮੁੱਕਦੀ ਗੱਲ ਕਿ ਹਰੇਕ ਕਿਰਤ ਢਿੱਡ ਨਾਲ ਜੁੜਦੀ ਹੈ। ਔਰਤਾਂ ਵੱਲੋਂ ਹਰੇਕ ਘਰੇਲੂ ਵਰਤੋਂ ਵਾਲੀ ਚੀਜ਼ ਘਰ ਵਿੱਚ ਹੀ ਤਿਆਰ ਕਰਨੀ ਜਿਵੇਂ ਕੱਚੀ ਮਿੱਟੀ ਦੇ ਭੜੋਲੇ-ਭੜੋਲੀਆਂ, ਮੱਟਣਾਂ, ਹਾਰੇ, ਛਿੱਕੂ, ਚੰਗੇਰਾ, ਗੋਹਲੇ ਆਦਿ। ਖੇਤਾਂ ਵਿੱਚੋਂ ਕਪਾਹ ਚੁੱਗ ਕੇ ਧੁੱਪੇ ਸੁੱਕਣੀ ਪਾ ਝੰਬਣੀ ਨਾਲ ਝੰਬ ਕੇ ਹੱਥ ਵੇਲਣੇ ਨਾਲ ਵੇਲਣੀ, ਡਿਓਢੀਆਂ 'ਚ ਬੈਠ ਨਾਲ ਬੁਣਨੇ, ਸੇਵੀਆਂ ਵੱਟਣੀਆਂ, ਪੱਖੀਆਂ, ਦਰੀਆਂ, ਖੇਸ, ਚਤਈਆਂ, ਚਾਦਰਾਂ, ਰਜਾਈਆਂ ਦੇ ਅਮਰੇ ਤਿਆਰ ਕਰਨੇ, ਫੁਲਕਾਰੀਆਂ, ਬਾਗ ਤੇ ਕਿਸੇ ਨੂੰ ਨਿਸ਼ਾਨੀ ਦੇਣ ਲਈ ਰੁਮਾਲ 'ਤੇ ਫੁੱਲ ਕੱਢਣਾ, ਚਰਖੇ ਕੱਤਣੇ ਆਦਿ। ਇਹ ਸਾਰਾ ਕੁਝ ਕਰਨ ਲਈ ਰੋਟੀ ਟੁੱਕ ਤੋਂ ਵਿਹਲੀਆਂ ਹੋ ਕੇ ਆਪੋ-ਆਪਣੇ ਕੰਮ ਵਿਹਲੀਆਂ ਹੋ ਕੇ ਆਪੋ-ਆਪਣੇ ਕੰਮ-ਧੰਦੀਂ ਲੱਗ ਜਾਂਦੀਆਂ ਸਨ। ਤ੍ਰਿੰਞਣਾਂ ਵਿੱਚ ਹਾਸੇ ਮਖੌਲ ਅਤੇ ਗੀਤ ਬੋਲੀਆਂ ਨਾਲੋ-ਨਾਲ ਚੱਲਦੇ। ਚਰਖਿਆਂ ਦੀ ਘੂਕ ਸੰਗੀਤਕ ਮਾਹੌਲ ਸਿਰਜਦੀ ਕਿਰਤ ਸਭਿਆਚਾਰ ਦੀ ਤਸਵੀਰ ਸਾਹਿਤਕ ਸ਼ੀਸ਼ੇ ਵਿੱਚ ਇੰਜ ਰੂਪਮਾਨ ਹੁੰਦੀ, 'ਜੋਗੀ ਉਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ', 'ਕੱਢਣਾ ਰੁਮਾਲ ਦੇ ਗਿਓਂ ਦੇ ਆਪ ਰਹਿ ਗਿਆ ਵਲੈਤ ਵਿੱਚ ਜਾ ਕੇ' ਜਾਂ 'ਚੌਥਾ ਯਾਰ ਦਾ ਗਲੀ ਵਿਚ ਗੇੜਾ ਪੂਣੀਆਂ ਮੈਂ ਦੋ ਕੱਤੀਆਂ।'


ਜ਼ਿਆਦਾ ਸਮਾਂ ਨਹੀਂ ਹੋਇਆ। ਬਹੁਤੀ ਖੇਤੀ ਮੀਹਾਂ 'ਤੇ ਨਿਰਭਰ ਕਰਦੀ ਸੀ। ਖੂਹ ਜੋਤਣ ਲਈ ਵਾਰੀਆਂ ਲਗਦੀਆਂ ਸਨ। ਖੂਹ ਰਾਤ-ਦਿਨ ਵਗਦੇ ਸਨ। ਬਲਦਾਂ ਦੀਆਂ ਟੱਲੀਆਂ, ਕੁੱਤੇ ਦੀ ਟਿਕ-ਟਿਕ, ਸੁੱਕੇ ਗਿੜਦੇ ਢੋਲ-ਝਵੱਕਲੀਆਂ ਅਤੇ ਬੈੜਾਂ ਦੀ ਚੀਂ-ਚੀਂ ਵਾਤਾਵਰਣ ਵਿੱਚ ਸੰਗੀਤਕ ਰਸ ਘੋਲਦੀ ਸੀ। ਖੂਹਾਂ 'ਤੇ ਪਾਣੀ ਭਰਦੀਆਂ ਅਤੇ ਕੱਪੜੇ ਧੋਂਦੀਆਂ ਮੁਟਿਆਰਾਂ ਦੇ ਹਾਸਿਆਂ ਦੀ ਛਣਕਾਰ, ਪਾਣੀ ਭਰਨ ਬਹਾਨੇ ਸੱਜਣਾ ਨਾਲ ਅੱਖ ਮਟੱਕਾ, ਮੇਲ-ਮਿਲਾਪ, ਕਿਸੇ ਰਾਹੀ ਵੱਲੋਂ ਖੂਹ ਤੋਂ ਪਾਣੀ ਭਰਦੀ ਮੁਟਿਆਰ ਕੋਲੋਂ ਪਾਣੀ ਦੀ ਮੰਗ, ਖੂਹਾਂ ਲਾਗੇ ਬੋਹੜਾਂ-ਪਿੱਪਲਾਂ ਦੀ ਠੰਢੀ ਛਾਵੇਂ ਤਾਸ਼ਾਂ ਦੀਆਂ ਢਾਣੀਆਂ, ਗੁਰ ਸਾਖੀਆਂ ਸੁਣਦੇ ਨਿਆਣੇ-ਸਿਆਣੇ ਨੇ ਇਕ ਤਰ੍ਹਾਂ ਮੇਲੇ ਵਰਗਾ ਮਾਹੌਲ ਸਿਰਜਿਆ ਹੁੰਦਾ ਸੀ।

ਮਨੁੱਖੀ ਜਗਿਆਸਾ ਨੇ ਮਸ਼ੀਨਾਂ ਨਾਲ ਧਰਤੀ ਵਿੰਨ੍ਹੀ, ਖੂਹ ਵਗਣੋਂ ਬੰਦ ਹੋ ਕੇ, ਪੂਰੇ ਗਏ। ਸਾਂਝੀਆਂ ਖੂਹੀਆਂ 'ਤੇ ਡੋਲ ਖੜਕਣੋਂ ਹਟ ਗਏ। ਆਵਾਜਾਈ ਦੇ ਸਾਧਨਾਂ ਵਿੱਚ ਕਦੀ ਗੱਡੇ ਦੀ ਚੌਧਰ ਰਹੀ ਹੈ। ਉਦੋਂ 'ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ' ਦੀ ਗੱਲ ਹੋਈ। ਮੁਕਲਾਵੇ ਦੇ ਚਾਅ ਵਿੱਚ ਕਿਸੇ ਮੁਟਿਆਰ ਵੱਲੋਂ ਅੱਡੀ ਮਾਰ ਕੇ ਗੱਡੀ ਦਾ ਪਹੀਆ ਵੀ ਭੰਨਿਆ ਗਿਆ। ਫਿਰ ਕਾਫੀ ਸਮਾਂ ਟਾਂਗੇ ਦੀ ਚੜ੍ਹਤ ਰਹੀ, 'ਬਹਿ ਜਾ ਬਿੱਲੋ ਛਾਲ ਮਾਰਕੇ, ਟਾਂਗਾ ਚੱਲਿਆ ਈ ਸ਼ਹਿਰ ਕੁਰਾਲੀ।' ਸਾਈਕਲ ਤੋਂ ਬਾਅਦ 'ਮਿੱਤਰਾਂ ਦੀ ਫਿਟ-ਫਿਟੀਆ ਨੱਬੇ ਮੀਲ ਦੀ ਸਪੀਡ ਉੱਤੇ ਜਾਂਦਾ' ਨੇ ਮੋਟਰ ਸਾਈਕਲਾਂ ਦੇ ਯੁੱਗ ਦੀ ਗੱਲ ਕੀਤੀ। 'ਆ ਗਈ ਰੋਡਵੇਜ਼ ਦੇ ਲਾਰੀ' ਗਾਣੇ ਨੇ ਵਿਕਸਤ ਸਰਕਾਰੀ ਆਵਾਜਾਈ ਸਾਧਨਾਂ ਵਜੋਂ ਹਾਜ਼ਰੀ ਦਰਜ ਕੀਤੀ। ਟਾਂਵੇਂ-ਟਾਵੇਂ ਸ਼ੌਕੀਨ ਕਾਕਿਆਂ ਨੇ ਕਾਰਾਂ ਲੈ ਲਈਆਂ। ਉਸ ਵੇਲੇ 'ਮੋਟਰ ਮਿੱਤਰਾਂ ਦੀ ਚੱਲ ਬਰਨਾਲੇ ਚੱਲੀਏ' ਬਨੇਰਿਆਂ 'ਤੇ ਖੂਬ ਵੱਜਿਆ। ਮਾਰੂਤੀ ਆਉਣ ਨਾਲ ਤਾਂ ਆਵਾਜਾਈ ਸਾਧਨਾ ਵਿੱਚ ਕ੍ਰਾਂਤੀ ਹੀ ਆ ਗਈ।

ਕਿਰਤ ਦਾ ਮਨੁੱਖੀ ਜੀਵਨ ਨਾਲ ਬਹੁਤ ਹੀ ਨੇੜਲਾ ਸੰਬੰਧ ਹੈ, ਉਹ ਕਿਸੇ ਕਾਰੀਗਰ ਵੱਲੋਂ ਬਣਾਈ ਹੱਲ-ਪੰਜਾਲੀ, ਜਾਗਰ ਦਾ ਟਾਂਗਾ, ਜੀ ਟੀ ਰੋਡ 'ਤੇ ਦੁਹਾਈਆਂ ਪਾਉਂਦਾ ਟਰੱਕ ਹੋਵੇ ਜਾਂ ਕਿਸੇ ਦਾ ਟੋਰਾਂਟੋ ਵਿੱਚ ਚੱਲਦਾ ਟਰਾਲਾ, ਕਿਰਤ ਨਾਲ ਜੁੜਿਆ ਹਰ ਸਾਧਨ ਸਾਡੇ ਸਾਹਿਤ ਸਭਿਆਚਾਰ ਦਾ ਹਿੱਸਾ ਹੈ। ਅਜੋਕੀ ਪੀੜ੍ਹੀ ਕਿਰਤ ਸਭਿਆਚਾਰ ਨਾਲੋਂ ਟੁੱਟ ਰਹੀ ਹੈ ਜੋ ਆਰਥਿਕ ਮੰਦਹਾਲੀ ਦਾ ਸਭ ਤੋਂ ਵੱਡਾ ਕਾਰਨ ਬਣ ਰਿਹਾ ਹੈ। ਗੱਭਰੂ ਨਸ਼ੇ-ਪੱਤੇ ਦੇ ਆਦੀ ਹੋ ਰਹੇ ਹਨ। ਆਪਣੇ ਘਰ ਅਤੇ ਖੇਤਾਂ ਵਿੱਚ ਕੰਮ ਕਰਨ ਦੀ ਬਜਾਏ ਬਾਹਰਲੇ ਮੁਲਕਾਂ ਵਿੱਚ ਜਾ ਕੇ ਕੰਮ ਕਰਨ ਨੂੰ ਤਰਜ਼ੀਹ ਦੇ ਰਹੇ ਹਨ। ਸੱਥਾਂ ਸੁੰਗੜ ਕੇ ਟੀ ਵੀ ਦਾ ਕਮਰਾ ਬਣ ਗਿਆ ਹੈ, ਉਹ ਵੀ ਇਕੱਲੇ-ਇਕੱਲੇ ਦਾ। ਹੁਣ ਕੋਈ ਕੀਮਾ ਪੈਦਲ ਆ ਕੇ ਕਿਸੇ ਮਲਕੀ ਕੋਲੋਂ ਪਾਣੀ ਦੀ ਮੰਗ ਨਹੀਂ ਕਰਦਾ। ਬੋਹੜਾਂ ਸਮੇਤ ਢਾਣੀਆਂ ਗਾਇਬ ਹਨ। ਜੀਵਨ ਸ਼ੈਲੀ ਹੀ ਬਦਲ ਗਈ ਹੈ। ਤਰੱਕੀ ਜਗਿਆਸਾ ਦੀ ਪ੍ਰਤੀਕ ਹੈ। ਅਜੋਕੇ ਮਸ਼ੀਨੀ ਯੁੱਗ ਨੂੰ ਵੀ ਕਿਰਤੀ ਹੱਥਾਂ ਨੇ ਹੀ ਸਿਰਜਿਆ ਹੈ। ਜੇ ਮਨੁੱਖ ਨੇ ਸੁੱਖ-ਸਹੂਲਤਾਂ ਪੈਦਾ ਕੀਤੀਆਂ ਹਨ ਤਾਂ ਮਾਰੂ ਹਥਿਆਰ ਤੇ ਢੇਰਾਂ ਦੇ ਢੇਰ ਬਾਰੂਦ ਵੀ ਮਨੁੱਖ ਨੇ ਹੀ ਪੈਦਾ ਕੀਤਾ ਹੈ। ਪਰ ਜੋ ਤਰੱਕੀ ਸਾਨੂੰ ਇਕ ਦੂਜੇ ਦੇ ਦੁਸ਼ਮਣ ਬਣਾ ਦੇਵੇ, ਮਨੁੱਖ 'ਚੋਂ ਮਨੁੱਖਤਾ ਮਨਫੀ ਕਰ ਦੇਵੇ, ਕਿਰਤ ਕਰਨੀ ਭੁਲਾ ਕੇ ਨਿਕੰਮੇ ਬਣਾ ਦੇਵੇ, ਅਜਿਹੀ ਤਰੱਕੀ ਕਿਸ ਕੰਮ ਦੀ ? ਵਾਰਸ ਸ਼ਾਹ ਦੇ ਅਜੋਕੇ ਵਾਰਸ ਦੀ ਕਲਮ ਤਾਂ ਫਿਰ ਇੰਜ ਹੀ ਲਿਖੇਗੀ :

ਚਿੜੀ ਚੂਕਦੀ ਨਾਲ ਨਾ ਤੁਰਨ ਪਾਂਧੀ,
ਪੈਣ ਚਾਟੀਆਂ ਵਿੱਚ ਮਧਾਣੀਆਂ ਨਾ।
ਕੋਈ ਉਤਰ ਪਹਾੜੋਂ ਲਾ ਆਏ ਯੋਗੀ,
ਚਰਖੇ ਤ੍ਰਿੰਞਣੀ ਡਾਹੁਣ ਸੁਆਣੀਆਂ ਨਾ।

**ਤਰਸੇਮ ਸਿੰਘ ਭੰਗੂ**
ਮੋ. 94656-56214



# ਕਿਸਾਨਾਂ ਦੀ ਆਮਦਨ ਕਿਵੇਂ ਵਧੇ?

**ਵੱਧ ਆਮਦਨ ਦੀ ਪ੍ਰਾਪਤੀ ਕਰਨ ਲਈ ਫਸਲੀ ਵਿਭਿੰਨਤਾ ਤੋਂ ਇਲਾਵਾ ਯੋਜਨਾਬੰਦੀ ਦੀ ਲੋੜ ਹੈ। ਯੋਜਨਾਬੰਦੀ ਕਰਕੇ ਕਈ ਕਿਸਾਨ ਉੱਚੀ ਗੁਣਵੱਤਾ ਵਾਲੇ ਫਲ ਪੈਦਾ ਕਰਕੇ ਪੰਜ ਲੱਖ ਰੁਪਏ ਪ੍ਰਤੀ ਏਕੜ ਤੱਕ ਵੀ ਕਮਾ ਰਹੇ ਹਨ। ਫਲਾਂ ਦੀ ਕਾਸ਼ਤ ਥੱਲੇ ਰਕਬਾ ਤਾਂ ਵਧ ਰਿਹਾ ਹੈ, ਪਰ ਬਹੁਤ ਹੌਲੀ-ਹੌਲੀ। ਸਾਲ 2009-10 'ਚ ਫਲਾਂ ਦੀ ਕਾਸ਼ਤ 67554 ਹੈਕਟੇਅਰ ਰਕਬੇ 'ਤੇ ਕੀਤੀ ਜਾਂਦੀ ਸੀ, ਜੋ ਹੁਣ 1 ਲੱਖ ਤੋਂ ਵਧ ਹੈਕਟੇਅਰ ਰਕਬੇ 'ਤੇ ਹੋ ਰਹੀ ਹੈ। ਜੋ ਫਲ ਪੰਜਾਬ 'ਚ ਪੈਦਾ ਕੀਤੇ ਜਾ ਰਹੇ ਹਨ, ਉਨ੍ਹਾਂ 'ਚ ਕਿੰਨੂ, ਲੈਮਨ, ਅੰਬ, ਲੀਚੀ, ਅਮਰੂਦ, ਕੇਲਾ ਆਦਿ ਸ਼ਾਮਿਲ ਹਨ।**

ਕਿਸਾਨਾਂ ਦੀ ਮਾਯੂਸੀ ਦੂਰ ਕਰਨ ਲਈ ਉਨ੍ਹਾਂ ਦੀ ਆਮਦਨ ਵਧਾਉਣ ਦੀ ਲੋੜ ਹੈ। ਝੋਨਾ-ਕਣਕ ਦਾ ਫਸਲੀ ਚੱਕਰ ਲਾਹੇਵੰਦ ਹੋਵੇ, ਇਸ ਲਈ ਐਮ ਐਸ ਪੀ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਕਿਸਾਨ ਆਪਣੀ ਫਸਲ ਦੇ ਮੰਡੀਕਰਨ ਲਈ ਮੰਡੀਆਂ 'ਚ ਨਾ ਰੁਲਣ। ਕਿਸਾਨਾਂ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੇ ਵਿਗਿਆਨੀਆਂ ਵਲੋਂ ਇਹ ਜਾਣਕਾਰੀ ਦੇਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਖੇਤੀ ਨੂੰ ਹੁਣ ਜੀਵਨ


ਭਗਵਾਨ ਦਾਸ

ਬਸਰ ਕਰਨ ਦਾ ਸਾਧਨ ਹੀ ਨਹੀਂ ਸਮਝਣਾ ਚਾਹੀਦਾ, ਸਗੋਂ ਵਪਾਰਕ ਪੱਧਰ 'ਤੇ ਕਰਨ ਦੀ ਲੋੜ ਹੈ, ਜਿਸ ਲਈ ਫਸਲੀ ਵਿਭਿੰਨਤਾ ਲਿਆਉਣੀ ਬੜਾ ਜ਼ਰੂਰੀ ਹੈ। ਵੱਧ ਆਮਦਨ ਦੀ ਪ੍ਰਾਪਤੀ ਕਰਨ ਲਈ ਫਸਲੀ ਵਿਭਿੰਨਤਾ ਤੋਂ ਇਲਾਵਾ ਯੋਜਨਾਬੰਦੀ ਦੀ ਲੋੜ ਹੈ। ਯੋਜਨਾਬੰਦੀ ਕਰਕੇ ਕਈ ਕਿਸਾਨ ਉੱਚੀ ਗੁਣਵੱਤਾ ਵਾਲੇ ਫਲ ਪੈਦਾ ਕਰਕੇ ਪੰਜ ਲੱਖ ਰੁਪਏ ਪ੍ਰਤੀ ਏਕੜ ਤੱਕ ਵੀ ਕਮਾ ਰਹੇ ਹਨ। ਫਲਾਂ ਦੀ ਕਾਸ਼ਤ ਥੱਲੇ ਰਕਬਾ ਤਾਂ ਵਧ ਰਿਹਾ ਹੈ, ਪਰ ਬਹੁਤ ਹੌਲੀ-ਹੌਲੀ। ਸਾਲ 2009-10 'ਚ ਫਲਾਂ ਦੀ ਕਾਸ਼ਤ 67554 ਹੈਕਟੇਅਰ ਰਕਬੇ 'ਤੇ ਕੀਤੀ ਜਾਂਦੀ ਸੀ, ਜੋ ਹੁਣ 1 ਲੱਖ ਤੋਂ ਵਧ ਹੈਕਟੇਅਰ ਰਕਬੇ 'ਤੇ ਹੋ ਰਹੀ ਹੈ। ਜੋ ਫਲ ਪੰਜਾਬ 'ਚ ਪੈਦਾ ਕੀਤੇ ਜਾ ਰਹੇ ਹਨ, ਉਨ੍ਹਾਂ 'ਚ ਕਿੰਨੂ, ਲੈਮਨ, ਅੰਬ, ਲੀਚੀ, ਅਮਰੂਦ, ਕੇਲਾ ਆਦਿ ਸ਼ਾਮਿਲ ਹਨ। ਫਲਾਂ ਤੋਂ ਆਮਦਨ ਵੱਧ ਹੋਣ ਦੇ ਬਾਵਜੂਦ ਇਨ੍ਹਾਂ ਦੀ ਕਾਸ਼ਤ ਥੱਲੇ ਰਕਬੇ ਦਾ ਤੇਜ਼ੀ ਨਾਲ ਨਾ ਵਧਣਾ ਜ਼ਾਹਿਰ ਕਰਦਾ ਹੈ ਕਿ ਬਾਗ ਲਗਾਉਣ ਲਈ ਲਾਗਤ ਦਾ ਜ਼ਿਆਦਾ ਹੋਣਾ, ਪੈਦਾਵਾਰ ਤੇ ਆਮਦਨ ਲਈ ਸਾਲਾਂ ਤੱਕ ਇੰਤਜ਼ਾਰ ਕਰਨਾ ਅਤੇ ਬਾਗ ਦੀ ਦੇਖਭਾਲ ਲਈ ਲਗਾਤਾਰ ਮੁਸ਼ੱਕਤ ਕਰਨਾ ਆਦਿ ਜ਼ਿੰਮੇਵਾਰ ਹਨ। ਬਾਗਬਾਨੀ ਦੇ ਨਾਲ-ਨਾਲ ਸਬਜ਼ੀਆਂ ਦੀ ਕਾਸ਼ਤ ਹੇਠ ਰਕਬਾ ਵੀ ਕੁਝ ਥੋੜ੍ਹੀ ਜਿਹੀ ਰਫਤਾਰ ਨਾਲ ਵਧ ਰਿਹਾ ਹੈ। ਇਹ ਸਾਲ 2011-12 ਦੇ 276584 ਹੈਕਟੇਅਰ ਤੋਂ ਵੱਧ ਕੇ ਪਿਛਲੇ ਸਾਲ (ਸਾਲ 2023-24) 'ਚ 482000 ਹੈਕਟੇਅਰ ਹੋ ਗਿਆ। ਇਸੇ ਸਮੇਂ ਦੌਰਾਨ ਸਬਜ਼ੀਆਂ ਦੀ ਕਾਸ਼ਤ ਜੋ 203734 ਹੈਕਟੇਅਰ ਰਕਬੇ 'ਤੇ ਹੁੰਦੀ ਸੀ, ਹੁਣ ਵਧ ਕੇ 356476 ਹੈਕਟੇਅਰ 'ਤੇ ਹੋ ਗਈ। ਬਾਗਬਾਨੀ ਥੱਲੇ ਰਾਜ ਦੇ 6 ਲੱਖ ਮਿਲੀਅਨ ਹੈਕਟੇਅਰ ਤੋਂ ਵੱਧ ਕੁੱਲ ਰਕਬੇ ਦਾ ਕੇਵਲ 6 ਪ੍ਰਤੀਸ਼ਤ ਹੈ, ਜਿਸ ਨੂੰ ਵਧਾਉਣ ਦੀ ਲੋੜ ਹੈ।

ਸਬਜ਼ੀਆਂ ਦੀ ਕਾਸ਼ਤ (ਜਿਸ ਦੇ ਵਧਣ ਦੀ ਸੰਭਾਵਨਾ ਹੈ) ਬਹੁਤ ਤੇਜ਼ੀ ਨਾਲ ਇਸ ਕਾਰਨ ਨਹੀਂ ਵਧ ਰਹੀ, ਕਿਉਂਕਿ ਇਸ 'ਚ ਕੀਮਤਾਂ ਦਾ ਬੜਾ ਉਤਰਾਅ-ਚੜ੍ਹਾਅ ਹੈ। ਪਿਛਲੇ ਸਾਲ ਜਦੋਂ ਨਵੰਬਰ 'ਚ ਫੁੱਲ ਗੋਭੀ ਤੇ ਬੰਦ ਗੋਭੀ ਮੰਡੀ 'ਚ ਵਿਕਣ ਲਈ ਆਈਆਂ ਸਨ, ਖਪਤਕਾਰਾਂ ਨੂੰ 60 ਤੋਂ 80 ਰੁਪਏ ਪ੍ਰਤੀ ਕਿੱਲੋ ਤੱਕ ਖਰੀਦਣੀਆਂ ਪੈ ਰਹੀਆਂ ਸਨ। ਹੁਣ ਫੁੱਲ ਗੋਭੀ 8 ਤੋਂ 10 ਰੁਪਏ ਪ੍ਰਤੀ ਕਿੱਲੋ ਤੱਕ ਖਪਤਕਾਰਾਂ ਨੂੰ ਮਿਲ ਰਹੀ ਹੈ ਅਤੇ ਬੰਦ ਗੋਭੀ 15 ਤੋਂ 20 ਰੁਪਏ ਪ੍ਰਤੀ ਕਿੱਲੋ ਵਿਕ ਰਹੀ ਹੈ ਜਦੋਂ ਕਿ ਕਿਸਾਨਾਂ ਨੂੰ ਮੰਡੀਆਂ 'ਚ ਤੁੜਾਈ ਅਤੇ ਢੁਆਈ ਆਦਿ ਦੇ ਖਰਚੇ ਕੱਢ ਕੇ ਦੋ ਤੋਂ ਚਾਰ ਰੁਪਏ ਪ੍ਰਤੀ ਕਿੱਲੋ ਹੀ ਪੱਲੇ ਪੈਂਦੇ ਹਨ। ਇਸ ਨਾਲ ਕਿਸਾਨਾਂ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਸਬਜ਼ੀਆਂ ਦੀ ਕੀਮਤ ਸਥਿਰ ਰੱਖਣ ਲਈ ਸਰਕਾਰ ਨੂੰ ਠੰਢੀ ਚੇਨ ਤੇ ਹੋਰ ਲੋੜੀਂਦੀਆਂ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ। ਸਬਜ਼ੀਆਂ ਦੇ ਖੇਤਰ 'ਚ ਖੋਜ ਸੰਸਥਾਵਾਂ ਪੀ.ਏ.ਯੂ. ਅਤੇ ਆਈ. ਸੀ. ਏ. ਆਰ. ਭਾਰਤੀ ਖੇਤੀ ਖੋਜ ਸੰਸਥਾਨ ਵਲੋਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਅਪਨਾ ਕੇ ਕਿਸਾਨ ਆਪਣੀ ਆਮਦਨ ਵਧਾ ਸਕਦੇ ਹਨ। ਝੋਨੇ-ਕਣਕ ਦੇ ਚੱਕਰ 'ਚੋਂ ਰਕਬਾ ਕੱਢ ਕੇ ਬਾਗਵਾਨੀ ਫਸਲਾਂ ਥੱਲੇ ਲਿਆਉਣ ਲਈ ਕਿਸਾਨਾਂ ਨੂੰ ਇਨ੍ਹਾਂ ਫਸਲਾਂ ਦਾ ਗਿਆਨ ਤੇ ਆਮਦਨ ਅਤੇ ਖਰਚੇ ਸੰਬੰਧੀ ਪੂਰੀ ਜਾਣਕਾਰੀ ਬਾਗਬਾਨੀ ਮਾਹਿਰਾਂ ਰਾਹੀਂ ਮਿਲਣੀ ਬਹੁਤ ਜ਼ਰੂਰੀ ਹੈ, ਜੋ ਹੁਣ ਨਹੀਂ ਮਿਲ ਰਹੀ, ਕਿਉਂਕਿ ਬਾਗਬਾਨੀ ਵਿਭਾਗ 'ਚ ਪ੍ਰਵਾਨ ਹੋਏ ਸਟਾਫ 'ਚੋਂ ਮਸਾਂ 30-40 ਪ੍ਰਤੀਸ਼ਤ ਹੀ ਕੰਮ ਕਰ ਰਿਹਾ ਹੈ। ਅੱਧੀਆਂ ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਮਾਲੀਆਂ ਤੇ ਦਰਜਾ 4 ਮੁਲਾਜ਼ਮਾਂ ਦੀ ਭਰਤੀ ਤਾਂ ਸੰਨ 2000 ਤੋਂ ਬਾਅਦ ਉੱਕਾ ਹੀ ਨਹੀਂ ਹੋਈ। ਸੇਵਾਮੁਕਤ ਹੋ ਰਹੇ ਮੁਲਾਜ਼ਮਾਂ ਦੀਆਂ ਅਸਾਮੀਆਂ ਤਾਂ ਭਰੀਆਂ ਹੀ ਨਹੀਂ ਜਾ ਰਹੀਆਂ। ਗਿਆਨ ਤੇ ਜਾਣਕਾਰੀ ਪ੍ਰਾਪਤ ਕਰਕੇ ਔਸ਼ਧਿਕ ਪੌਦੇ ਤੇ ਫੁੱਲਾਂ ਦੇ ਬੀਜ ਅਤੇ ਖੁੰਬਾਂ ਆਦਿ ਪੈਦਾ ਕਰਕੇ 1.5 ਕੁ ਵਿਘੇ ਰਕਬੇ ਤੋਂ ਕਿਸਾਨ 1 ਲੱਖ ਰੁਪਏ ਤੱਕ ਦੀ ਪੈਦਾਵਾਰ ਕੱਢ ਸਰਕੇ ਹਨ। ਕਈ ਕਿਸਾਨ



ਹਨ, ਜੋ ਅਜਿਹੀ ਖੇਤੀ ਕਰ ਰਹੇ ਹਨ, ਪਰ ਥੋੜ੍ਹੇ-ਥੋੜ੍ਹੇ ਰਕਬੇ 'ਤੇ। ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ (ਰਿਟਾ) ਕਹਿੰਦੇ ਹਨ ਕਿ ਜਿਵੇਂ ਸਰਕਾਰ ਠੰਢੀ ਚੇਨ 'ਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰ ਰਹੀ ਹੈ ਅਤੇ ਇਨ੍ਹਾਂ 'ਤੇ ਸਬਸਿਡੀ ਦੇ ਰਹੀ ਹੈ, ਤਾਂ ਸਬਜ਼ੀਆਂ ਅਰਬ ਮੁਲਕਾਂ ਨੂੰ ਵੀ ਬਰਾਮਦ ਕੀਤੀਆਂ ਜਾ ਸਕਦੀਆਂ ਹਨ। ਇਹ ਮੁਲਕ ਹੁਣ ਸਬਜ਼ੀਆਂ ਯੂਰਪ ਤੇ ਹੋਰ ਦੇਸ਼ਾਂ ਤੋਂ ਮੰਗਵਾਉਂਦੇ ਹਨ।

ਕਿਸਾਨਾਂ ਨੂੰ ਆਪਣੀ ਆਮਦਨ ਤੇ ਉਤਪਾਦਕਤਾ ਵਧਾਉਣ ਲਈ ਖੇਤੀ ਪ੍ਰਬੰਧ ਦਾ ਗਿਆਨ ਹੋਣ ਦੇ ਬਾਵਜੂਦ ਥੋੜ੍ਹੇ ਸਮੇਂ ਤੇ ਲੰਮੇ ਸਮੇਂ ਲਈ ਯੋਜਨਾ ਬਣਾਉਣੀ ਚਾਹੀਦੀ ਹੈ। ਸਾਧਨਾਂ ਦੀ ਸਹੀ ਵਰਤੋਂ, ਖੇਤੀ ਸਮੱਗਰੀ ਦੀ ਸਹੀ ਖਰੀਦ ਤੇ ਕਾਸ਼ਤ ਸੰਬੰਧੀ ਯੋਜਨਾ ਬਣਾਉਣੀ ਅਤੇ ਵਧੇਰੇ ਆਮਦਨ ਦੀ ਪ੍ਰਾਪਤ ਲਈ ਮੰਡੀਕਰਨ ਸੰਬੰਧੀ ਗਿਆਨ ਅਤੇ ਫਸਲ ਦੀ ਵਿਕਰੀ ਸੰਬੰਧੀ ਸਹੀ ਸੋਚ-ਵਿਚਾਰ ਵੀ ਆਮਦਨ ਵਧਾਉਣ ਲਈ ਜ਼ਰੂਰੀ ਹਨ। ਖੇਤੀ ਨੂੰ ਅੱਜ ਨਵੀਆਂ ਚੁਣੌਤੀਆਂ ਦਰਪੇਸ਼ ਹਨ। ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਲੋੜ ਨਾਲੋਂ ਵੱਧ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਮੌਸਮ 'ਚ ਤਬਦੀਲੀ ਆ ਰਹੀ ਹੈ, ਜੇ ਨਵੇਂ ਫਸਲੀ ਚੱਕਰ ਅਪਨਾਉਣੇ ਹਨ ਤਾਂ ਯੋਜਨਾਬੰਦੀ ਬਹੁਤ ਜ਼ਰੂਰੀ ਹੈ। ਯੋਜਨਾ ਬਣਾਉਣ ਤੋਂ ਬਾਅਦ ਇਸ 'ਚ ਸਮੇਂ-ਸਮੇਂ 'ਤੇ ਸੋਧ ਵੀ ਕਰਨੀ ਪਵੇਗੀ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਾਧਨਾਂ ਦੀ ਸਹੀ ਵਰਤੋਂ ਕੀਤੀ ਜਾ ਰਹੀ ਹੈ। ਕੁਦਰਤੀ ਸਰੋਤਾਂ ਦੀ ਸੁਯੋਗ ਵਰਤੋਂ ਕੀਮਿਆਈ ਖਾਦਾਂ, ਕੀਟਨਾਸ਼ਕਾਂ ਅਤੇ ਸੁਧਰੇ ਬੀਜਾਂ ਦੀ ਸੂਝ-ਬੂਝ ਨਾਲ ਕੀਤੀ ਵਰਤੋਂ ਰਾਹੀਂ ਖੇਤੀ ਤੋਂ ਹੋਣ ਵਾਲੇ ਸ਼ੁੱਧ ਲਾਭ ਵੀ ਵਧਾਇਆ ਜਾ ਸਕਦਾ ਹੈ। ਫਿਰ ਖੇਤੀ 'ਚ ਹਿਸਾਬ -ਕਿਤਾਬ ਰੱਖਣਾ ਵੀ ਜ਼ਰੂਰੀ ਹੈ। ਇਸ ਨਾਲ ਕਿਸਾਨ ਘੱਟ ਆਮਦਨ ਵਾਲੇ ਕੰਮਾਂ ਨੂੰ ਤਿਲਾਂਜਲੀ ਦੇ ਕੇ ਅਤੇ ਵਧੇਰੇ ਆਮਦਨ ਵਾਲੀਆਂ ਫਸਲਾਂ ਨੂੰ ਅਪਨਾ ਕੇ ਖੇਤੀ ਨੂੰ ਲਾਹੇਵੰਦ ਬਣਾ ਸਕਦੇ ਹਨ। ਹਿਸਾਬ-ਕਿਤਾਬ ਰੱਖਣ ਨਾਲ ਗਿਆਨ 'ਚ ਵੀ ਵਾਧਾ ਹੁੰਦਾ ਹੈ, ਜਿਸ ਨਾਲ ਕਿਸਾਨ ਆਪਣੀ ਆਮਦਨ ਵਧਾਉਣ ਸੰਬੰਧੀ ਸੂਝ-ਬੂਝ ਨਾਲ ਸੋਚ ਸਕਦੇ ਹਨ। ਕਿਹੜੀ ਫਸਲ ਦੀ ਕਾਸ਼ਤ ਕਰਨੀ ਹੈ ਕਿ ਕਿਹੜੇ ਸਹਾਇਕ ਧੰਦੇ ਅਪਨਾਉਣੇ ਹਨ (ਜਾਂ ਨਹੀਂ), ਵੱਖ-ਵੱਖ ਫਸਲਾਂ ਹੇਠ ਥੱਲੇ ਕਿੰਨਾ-ਕਿੰਨਾ ਰਕਬਾ ਲਿਆਉਣਾ ਹੈ ਅਤੇ ਭੌਂਅ ਪਰਖ ਦੇ ਮੁਤਾਬਿਕ ਕਿਹੜੇ ਖੇਤ 'ਚ ਕਿਹੜੀ ਫਸਲ ਬੀਜਣੀ ਹੈ, ਅੱਜ ਦੀ ਖੇਤੀ 'ਚ ਇਹ ਸਭ ਕੁਝ ਵਿਚਾਰਨ ਦੀ ਲੋੜ ਹੈ। ਮੰਡੀਕਰਨ 'ਚ ਵੀ ਖੇਤੀ ਵਿਗਿਆਨੀਆਂ ਵਲੋਂ ਕਿਸਾਨਾਂ ਨੂੰ ਲੋੜੀਂਦੀ ਸੇਧ ਦਿੱਤੀ ਜਾਣੀ ਚਾਹੀਦੀ ਹੈ। ਕਿਹੜੀ ਫਸਲ ਕਿਸ ਵੇਲੇ ਵੇਚੀ ਜਾਏ ਅਤੇ ਕਿਹੜੀ ਫਸਲ ਭੰਡਾਰ ਕਰਕੇ ਕੁਝ ਸਮੇਂ ਬਾਅਦ ਵੇਚੀ ਜਾਏ, ਇਹ ਸਾਰੀ ਜਾਣਕਾਰੀ ਕਿਸਾਨਾਂ ਨੂੰ ਮਿਲੇ ਤਾਂ ਉਨ੍ਹਾਂ ਦੀ ਆਮਦਨ 'ਚ ਵਾਧਾ ਹੋ ਸਕਦਾ ਹੈ। ਸਭ ਤੋਂ ਜ਼ਰੂਰੀ ਹੈ ਕਿ ਕਿਸਾਨ ਖਾਦਾਂ ਤੇ ਕੀਟਨਾਸ਼ਕਾਂ ਦੀ ਸਹੀ ਤੇ ਸਿਫਾਰਸ਼ਸ਼ੁਦਾ ਮਾਤਰਾ ਹੀ ਪਾਉਣ। ਅੱਜ ਵਧੇਰੇ ਕਿਸਾਨਾਂ ਵਲੋਂ ਕਣਕ ਤੇ ਝੋਨੇ 'ਚ ਸਿਫਾਰਸ਼ ਨਾਲੋਂ ਦੁੱਗਣੀ, ਢਾਈ ਗੁਣਾ ਨਾਈਟ੍ਰੋਜਨ ਪਾਈ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਦਾ ਖਰਚਾ ਵਧ ਰਿਹਾ ਹੈ ਅਤੇ ਫਸਲਾਂ ਨੂੰ ਵੀ ਬਿਮਾਰੀਆਂ ਲੱਗ ਰਹੀਆਂ ਹਨ।

ਕਿਸਾਨਾਂ ਨੂੰ ਕਰਜ਼ਾ ਵੀ ਬੜਾ ਸੋਚ ਵਿਚਾਰ ਕੇ ਚੁੱਕਣਾ ਚਾਹੀਦਾ ਹੈ। ਕਈ ਕਿਸਾਨ ਕਰਜ਼ੇ ਦੇ ਬੋਝ ਥੱਲੇ ਦਬ ਕੇ ਖੁਦਕੁਸ਼ੀ ਕਰਨ ਦੀ ਨੌਬਤ ਤੱਕ ਪਹੁੰਚ ਜਾਂਦੇ ਹਨ। ਸਹੀ ਢੰਗ ਨਹੀਂ ਵਿਚਾਰਨ ਦੀ ਲੋੜ ਹੈ ਕਿ ਕਿੰਨੇ ਕਰਜ਼ੇ ਦੀ ਲੋੜ ਹੈ, ਕਿਹੜੀ ਏਜੰਸੀ ਤੋਂ ਕਰਜ਼ਾ ਲਿਆ ਜਾਏ, ਕਿੱਥੋਂ ਘੱਟ ਸੂਦ ਤੋਂ ਕਰਜ਼ਾ ਮਿਲ ਸਕਦਾ ਹੈ। ਇਸ ਸਭ ਸਬੰਧੀ ਕਿਸਾਨਾਂ ਨੂੰ ਕਰਜ਼ਾ ਲੈਣ ਤੋਂ ਪਹਿਲਾਂ ਸਾਰੇ ਅਦਾਰਿਆਂ ਦੀ ਜਾਣਕਾਰੀ ਹੋਣੀ ਚਾਹੀਦੀਆਂ ਹੈ।



# ਖਤਰੇ ਵਿਚ ਹਨ ਸਾਡੇ ਜੰਗਲ ਬੇਲੇ

ਸੁਖਮੰਦਰ ਸਿੰਘ ਤੂਰ,
ਪਿੰਡ ਤੇ ਡਾਕ. ਖੋਸਾ ਪਾਂਡੋ (ਮੋਗਾ)

“ਇਹ ਕਿੰਨਾ ਵੱਡਾ ਦੁਖਾਂਤ ਹੈ ਕਿ ਅੱਜ ਦੀ ਮਨੁੱਖੀ ਨਸਲ ਇਸ ਜੀਵਨ ਵਰਧਕ ਸੋਮੇਂ ਨੂੰ ਬੁਰੀ ਤਰ੍ਹਾਂ ਨਸ਼ਟ ਕਰਨ ਵਿਚ ਲੱਗੀ ਹੋਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹਰ ਸਾਲ ਲੱਖਾਂ ਹੈਕਟੇਅਰ ਜੰਗਲੀ ਰਕਬਾ ਸਾਫ ਕੀਤਾ ਜਾ ਰਿਹਾ ਹੈ, ਜਦੋਂ ਇਸ ਭਿਆਨਕ ਗਤੀ ਨਾਲ ਜੰਗਲ ਕੱਟੇ ਜਾ ਰਹੇ ਹੋਣ ਤਾਂ ਅਨੁਮਾਨ ਲਗਾਓ, ਇਹ ਸ਼ਰਨਗਾਹ ਵਿਚ ਵਸਦੇ ਜੀਵਾਂ ਦਾ ਕੀ ਬਣੇਗਾ ? ਇਹ ਸਾਰੇ ਵਾਤਾਵਰਨੀ-ਪਨਾਹਗੀਰ ਬਣਦੇ ਜਾ ਰਹੇ ਹਨ ਅਤੇ ਜਿਹੜੇ ਜੀਵ ਨਵੀਆਂ ਸ਼ਰਨਗਾਹਾਂ ਨਹੀਂ ਲੱਭ ਸਕਦੇ ਜਾਂ ਨਵੇਂ ਵਾਤਾਵਰਣ ਅਨੁਸਾਰ ਆਪਣੇ-ਆਪ ਨੂੰ ਨਹੀਂ ਢਾਲਦੇ ਉਨ੍ਹਾਂ ਦੀ ਨਸਲਕੁਸ਼ੀ ਹੋ ਜਾਣੀ ਸੰਭਵ ਹੈ।”

ਪ੍ਰਿਥਵੀ ਦੇ ਜਿਊਂਦੇ ਰਹਿਣ ਲਈ ਹਰਿਆਉਲੇ ਫੇਫੜਿਆਂ ਭਾਵ ਰੁੱਖਾਂ ਦੀ ਉਸੇ ਤਰ੍ਹਾਂ ਹੀ ਜ਼ਰੂਰਤ ਹੈ, ਜਿਸ ਤਰ੍ਹਾਂ ਮਨੁੱਖ ਨੂੰ ਜ਼ਿੰਦਾ ਰਹਿਣ ਲਈ ਹਵਾ ਤੇ ਪਾਣੀ ਦੀ। ਕੁਦਰਤ ਨੇ ਪ੍ਰਿਥਵੀ ਨੂੰ ਤੰਦਰੁਸਤ ਰੱਖਣ ਲਈ ਸੰਘਣੀ ਬਨਸਪਤੀ ਦਾ ਕੱਜਣ ਦਿੱਤਾ ਹੈ। ਕੁਦਰਤ ਦੇ ਇਹ ਬਨਸਪਤੀ ਰੂਪੀ ਕਾਰਖਾਨੇ ਸਾਡੇ ਲਈ ਅਸੀਮ ਮਾਤਰਾ ਵਿਚ ਆਕਸੀਜਨ ਤਿਆਰ ਕਰਦੇ ਹਨ। ਧੂੜ-ਕਣ, ਹਵਾ ਵਿਚ ਉੱਡਦੀ ਗੰਦਗੀ ਅਤੇ ਜੀਵਾਂ ਰਾਹੀਂ ਪੈਦਾ ਕੀਤੀ ਜਾਣ ਵਾਲੀ ਕਾਰਬਨਡਾਇਆਕਸਾਈਡ ਨੂੰ ਕੁਦਰਤ ਦੇ ਇਹ ਕਾਰਖਾਨੇ ਚੂਸ ਲੈਂਦੇ ਹਨ ਅਤੇ ਇਸ ਦੇ ਵਟਾਂਦਰੇ ਵਿੱਚ ਸਾਨੂੰ ਮਿਲਦੀ ਹੈ। ਸਾਫ ਅਤੇ ਸ਼ੁੱਧ ਹਵਾ।

ਦੁਨੀਆਂ ਵਿਚ ਬਨਸਪਤੀ ਦੀ ਸਭ ਤੋਂ ਸੰਘਣੀ ਪੱਟੀ ਤਪਤ-ਖੰਡ ਵਿਚ ਹੈ। ਇੱਥੋਂ ਦੀ ਗਰਮੀ ਅਤੇ ਭਰਪੂਰ ਨਮੀਂ ਰੁੱਖਾਂ ਨੂੰ ਮੌਲਨ ਵਿਚ ਸਹਾਈ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤਪਤ-ਖੰਡ ਵਣ ਧਰਤੀ ਦੇ ਕੇਵਲ 6% ਹਿੱਸੇ ਉੱਪਰ ਹੀ ਫੈਲੇ ਹੋਏ ਹਨ, ਪਰ ਇਨ੍ਹਾਂ ਅੰਦਰ ਦੁਨੀਆਂ ਦੀ 50% ਤੋਂ ਵੱਧ ਬਨਸਪਤੀ ਅਤੇ ਜੀਵ-ਵਣਗੀ ਮਿਲ ਜਾਂਦੀ ਹੈ। ਇਸ ਨੂੰ ਬਨਸਪਤੀ ਤੇ ਜੀਵ-ਵਣਗੀ ਦੀ ਦ੍ਰਿਸ਼ਟੀ ਤੋਂ ਅਤਿ ਅਮੀਰ ਮੰਡਲ ਮੰਨਿਆ ਜਾਂਦਾ ਹੈ। ਇਕੱਲੇ ਐਮੇਜ਼ੋਨੀ ਖੇਤਰ (ਦੱਖਣੀ ਅਮਰੀਕਾ) ਵਿਚ ਹੀ 10 ਕਿਲੋਮੀਟਰ ਰਕਬੇ ਵਿਚ ਰੁੱਖਾਂ ਦੀਆਂ 750, ਪਸ਼ੂਆਂ ਦੀਆਂ 125, ਪੰਛੀਆਂ ਦੀਆਂ 450 ਅਤੇ ਸੱਪਾਂ ਅਤੇ ਹੋਰ ਜੀਵ-ਜੰਤੂਆਂ ਦੀਆਂ ਸੈਂਕੜੇ ਕਿਸਮਾਂ ਮਿਲ ਜਾਂਦੀਆਂ ਹਨ। ਰੁੱਖਾਂ ਦੀਆਂ ਖੋੜਾਂ ਅਤੇ ਘੁਰਨਿਆਂ ਅੰਦਰ ਹੀ ਕੀੜਿਆਂ-ਮਕੌੜਿਆਂ ਦੀਆਂ 400 ਤੋਂ ਵੱਧ ਨਸਲਾਂ ਲੱਭੀਆਂ ਗਈਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਐਮੇਜ਼ੋਨੀ ਜੰਗਲ ਜੀਵ-ਵਿਗਿਆਨੀਆਂ ਲਈ ਇਕ ਬਹੁ-ਮੁੱਲੀ ਪ੍ਰਯੋਗਸ਼ਾਲਾ ਹੈ। ਇਨ੍ਹਾਂ ਤਪਤ-ਖੰਡੀ ਜੰਗਲਾਂ ਕੋਲ ਪ੍ਰਾਣੀ-ਮੰਡਲ ਦੀ ਉਤਪਤੀ ਅਤੇ ਵਿਕਾਸ ਦੇ ਅਜਿਹੇ ਭੇਦ ਹਨ, ਜਿਨ੍ਹਾਂ ਤੱਕ ਸਾਡੀ ਅਜੇ ਵੀ ਰਸਾਈ ਨਹੀਂ ਹੋ ਸਕੀ। ਰਸਾਇਣ ਵਿਗਿਆਨੀਆਂ ਅਨੁਸਾਰ ਇਹ ਸੰਘਣੀ ਬਨਸਪਤੀ ਬੇਸ਼ੁਮਾਰ ਔਸ਼ਧੀਆਂ ਦਾ ਭੰਡਾਰ ਹੈ। ਇੱਥੇ ਇਕ ਅਜਿਹਾ ਰੁੱਖ ਵੀ ਮਿਲਿਆ ਹੈ, ਜਿਸ ਦੇ ਕੰਪਾਊਂਡ 'ਚੋਂ ਅਜਿਹੀ ਸੁਗੰਧ ਆਉਂਦੀ ਹੈ, ਜਿਸ ਨੂੰ ਖਾਣ ਨਾਲ ਕੀੜੇ ਦੌੜ ਜਾਂਦੇ ਹਨ। ਸਾਡੀ ਨਿੰਮ ਵਿਚ ਵੀ ਤਾਂ ਅਜਿਹੇ ਗੁਣ ਹਨ। ਵਿਗਿਆਨੀਆਂ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਵਿਸ਼ਵ ਦੀਆਂ ਚਾਰ ਫਾਰਮੇਸੀਆਂ ਦਾ ਆਧਾਰ ਇਹ ਤਪਤ-ਖੰਡੀ ਸੰਘਣੇ ਜੰਗਲ ਹਨ। ਅਨੁਮਾਨ ਲਗਾਇਆ ਗਿਆ ਹੈ ਕਿ ਇੱਥੇ 1400 ਅਜਿਹੇ ਪੌਦੇ ਹਨ ਜਿਨ੍ਹਾਂ ਕੋਲ ਕੈਂਸਰ ਵਿਰੋਧੀ ਗੁਣ ਹਨ।



ਇਹ ਕਿੰਨਾ ਵੱਡਾ ਦੁਖਾਂਤ ਹੈ ਕਿ ਅੱਜ ਦੀ ਮਨੁੱਖੀ ਨਸਲ ਇਸ ਜੀਵਨ ਵਰਧਕ ਸੋਮੇਂ ਨੂੰ ਬੁਰੀ ਤਰ੍ਹਾਂ ਨਸ਼ਟ ਕਰਨ ਵਿਚ ਲੱਗੀ ਹੋਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹਰ ਸਾਲ ਲੱਖਾਂ ਹੈਕਟੇਅਰ ਜੰਗਲੀ ਰਕਬਾ ਸਾਫ ਕੀਤਾ ਜਾ ਰਿਹਾ ਹੈ, ਜਦੋਂ ਇਸ ਭਿਆਨਕ ਗਤੀ ਨਾਲ ਜੰਗਲ ਕੱਟੇ ਜਾ ਰਹੇ ਹੋਣ ਤਾਂ ਅਨੁਮਾਨ ਲਗਾਓ, ਇਹ ਸ਼ਰਨਗਾਹ ਵਿਚ ਵਸਦੇ ਜੀਵਾਂ ਦਾ ਕੀ ਬਣੇਗਾ ? ਇਹ ਸਾਰੇ ਵਾਤਾਵਰਨੀ-ਪਨਾਹਗੀਰ ਬਣਦੇ ਜਾ ਰਹੇ ਹਨ ਅਤੇ ਜਿਹੜੇ ਜੀਵ ਨਵੀਆਂ ਸ਼ਰਨਗਾਹਾਂ ਨਹੀਂ ਲੱਭ ਸਕਦੇ ਜਾਂ ਨਵੇਂ ਵਾਤਾਵਰਣ ਅਨੁਸਾਰ ਆਪਣੇ-ਆਪ ਨੂੰ ਨਹੀਂ ਢਾਲਦੇ ਉਨ੍ਹਾਂ ਦੀ ਨਸਲਕੁਸ਼ੀ ਹੋ ਜਾਣੀ ਸੰਭਵ ਹੈ। ਜੰਗਲ ਅਤੇ ਜੰਗਲੀ ਜੀਵਾਂ ਤੋਂ ਵਿਹੂਣੀ ਧਰਤੀ ਨੂੰ ਮਾਰੂਥਲ ਹੀ ਕਿਹਾ ਜਾ ਸਕਦਾ ਹੈ। ਜੀਵ ਵਿਗਿਆਨੀ ਇਸ ਨੂੰ ਜੀਵੀ-ਵਿਭਿੰਨਤਾ ਦਾ ਵਿਨਾਸ਼ ਕਹਿੰਦੇ ਹਨ। ਇਸ ਨਾਲ ਕੁਦਰਤ ਦਾ ਸਮੁੱਚਾ ਸਮਤੋਲ ਵਿਗੜ ਜਾਂਦਾ ਹੈ। ਜਿਸ ਦੇ ਸਿੱਟੇ ਬੜੇ ਭਿਆਨਕ ਨਿਕਲਦੇ ਹਨ। ਇਸ ਗੱਲ ਦਾ ਤਾਂ ਸਭ ਨੂੰ ਗਿਆਨ ਹੈ ਕਿ ਇੰਨੇ ਰੁੱਖਾਂ ਦੇ ਬਦਲਣ ਨਾਲ ਅਥਾਹ ਮਾਤਰਾ ਵਿਚ ਕਾਰਬਨ ਡਾਈਆਕਸਾਈਡ ਦਾ ਨਿਕਾਸ ਹੁੰਦਾ ਹੈ। ਇਹੀ ਗੈਸ ਸਾਡੇ ਵਾਯੂਮੰਡਲ ਨੂੰ ਪਲੀਤ ਕਰਕੇ ਵਿਸ਼ਵ-ਨਿੱਘ ਦੀ ਦਰ ਨੂੰ ਤੇਜ਼ ਕਰ ਰਹੀ ਹੈ। ਵਾਤਾਵਰਣ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਿੱਘ ਨੇ ਧਰੁਵੀ ਬਰਫਾਂ ਨੂੰ ਉੱਕਾ ਪਿਘਲਾਅ ਦੇਣਾ ਹੈ। ਇਸ ਨਾਲ ਸਮੁੱਚੀ ਪ੍ਰਿਥਵੀ ਦਾ ਜਲਵਾਯੂ ਬਦਲ ਜਾਵੇਗਾ। ਜੰਗਲ ਨਸ਼ਟ ਹੋਣ ਨਾਲ ਕੇਵਲ ਈਕੋ ਪ੍ਰਣਾਲੀ ਹੀ ਨਹੀਂ ਸਗੋਂ ਉਸ ਖਿੱਤੇ ਅੰਦਰ ਰਹਿੰਦੇ ਲੋਕਾਂ ਦੇ ਸਭਿਆਚਾਰਕ ਵਿਰਸੇ ਤੇ ਰਵਾਇਤੀ ਬਨਸਪਤੀ ਦੀ ਨਸਲਕੁਸ਼ੀ ਹੋ ਸਕਦੀ ਹੈ। ਇਹ ਸਮੁੱਚਾ ਵਿਨਾਸ਼ ਫਿਰ ਭੂਮੀ ਨੂੰ ਅਜਿਹਾ ਖੋਰਾ ਲਗਾਉਂਦਾ ਹੈ ਕਿ ਨੇੜਲੇ ਭਵਿੱਖ ਵਿਚ ਇਸ ਦੀ ਮੁੜ ਸੁਰਜੀਤੀ ਹੋਣੀ ਅਸੰਭਵ ਹੈ। ਬਿਨਾਂ ਸ਼ੱਕ ਆਰਥਿਕ ਉੱਨਤੀ ਅਤੇ ਕੁਦਰਤ ਦੀ ਸੰਭਾਲ ਇਕ-ਦੂਸਰੇ ਨਾਲ ਪ੍ਰਣਾਏ ਮੁੱਦੇ ਹਨ। ਵਾਤਾਵਰਣੀ ਮੁੱਦਿਆਂ ਨੂੰ ਪ੍ਰੋਖਿਆਂ ਰੱਖ ਕੇ ਆਰਥਿਕ ਯੋਜਨਾਵਾਂ ਘੜੀਆਂ ਤਾਂ ਜਾ ਸਕਦੀਆਂ ਹਨ, ਪਰ ਲੋੜੀਂਦੇ ਸਿੱਟੇ ਨਹੀਂ ਦੇ ਸਕਦੀਆਂ, ਸਗੋਂ ਕਈ ਵਾਰ ਇਹ ਵਿਰੋਧੀ ਦਿਸ਼ਾ ਨੂੰ ਲੈ ਤੁਰਦੀਆਂ ਹਨ। ਅੱਜ ਸਾਨੂੰ ਅਜਿਹੇ ਵਿਕਾਸ ਦੀ ਲੋੜ ਹੈ, ਜਿਹੜਾ ਮਾਨਵੀ ਜ਼ਰੂਰਤਾਂ ਦੀ ਪੂਰਤੀ ਕਰਦਾ ਹੋਇਆ ਵੀ ਪ੍ਰਿਥਵੀ ਦੇ ਪੇਚੀਦਾ ਪਰ ਮਲੂਕ ਜਿਹੇ ਜੀਵੀ ਮੰਡਲ ਨੂੰ ਹੋਰ ਅਮੀਰ ਕਰੇ, ਜਿਸ ਦੀ ਸ਼ੁਰੂਆਤ ਰੁੱਖਾਂ ਨੂੰ ਲਗਾਉਣ ਅਤੇ ਬਚਾਉਣ ਤੋਂ ਹੀ ਹੋਣੀ ਚਾਹੀਦੀ।

# ਫੱਗਣ ਫੂਲੇ ਖੇਤ ਜਿਉਂ ਬਣ ਤਿਣ ਫੂਲ ਸਿੰਗਾਰ



ਹਰਮਨਪ੍ਰੀਤ ਸਿੰਘ, ਸਰਹਿੰਦ,
ਜ਼ਿਲ੍ਹਾ ਫਤਹਿਗੜ੍ਹ ਸਾਹਿਬ,
ਮੋ. 98550-10005

ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰ੍ਹਵਾਂ ਬਣਦਾ ਹੈ। ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ, ਇਸ ਮਹੀਨੇ ਅੰਬੀਆਂ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾਂ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀਆਂ ਨਜ਼ਰੀ ਆਉਂਦੀਆਂ ਹਨ। ਇਸ ਮਹੀਨੇ ਸਰ੍ਹੋਂ ਦੇ ਖੇਤ ਇਸ ਤਰ੍ਹਾਂ ਨਜ਼ਰੀ ਪੈਂਦੇ ਹਨ ਜਿਵੇਂ ਕੁਦਰਤ ਦੀ ਇਸ ਕਾਇਨਾਤ ਨਾਲ ਕੋਈ ਗੁਫਤਗੂ ਕਰ ਰਹੇ ਹੋਣ। ਇਸ ਫੱਗਣ ਮਹੀਨੇ ਦੀ ਆਮਦ ਨਾਲ ਫੁੱਲ, ਬੂਟਿਆਂ ਤੇ ਬਾਹਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦਾ ਹੈ। ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਸ਼ਹੀਦੀ ਸਾਕਾ ਸ੍ਰੀ ਨਾਨਕਾਣਾ ਸਾਹਿਬ ਤੇ ਮਹਾਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿੱਸਿਆਂ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਜਿਨ੍ਹਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤਉੱਲਾ ਜੀ ਕਹਿੰਦੇ ਹਨ :

ਚੜ੍ਹਿਆ ਫੱਗਣ ਕੰਧੀ ਲੱਗਣ ਉਮਰ ਰਹੀ ਦਿਨ ਥੋੜ੍ਹੇ ਨੀ।
ਨਾਲ ਪੀਆ ਦੇ ਖੇਡਾਂ ਹੋਲੀ ਏਹ ਮੇਰਾ ਦਿਲ ਲੋੜੇ ਨੀ।
ਐਸਾ ਕੌਣ ਕੱਢਾਂ ਮੈਂ ਦਰਦੀ ਜਾ ਉਸ ਨੂੰ ਹੱਥ ਜੋੜੇ ਨੀ।
ਤਾਂ ਸੁਹਾਗਣ ਬਣਾ ਹਿਦਾਇਤ ਜੇ ਸ਼ਹੁ ਵਾਗਾਂ ਮੋੜੇ ਨੀ ॥

ਅੱਧ ਫਰਵਰੀ ਤੋਂ ਅੱਧ ਮਾਰਚ ਮਹੀਨੇ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾਂ ਦਾ ਤੇ ਕਿਸੇ ਸਾਲ 31 ਦਿਨਾਂ ਦਾ ਹੋ ਨਿੱਬੜਦਾ ਹੈ। ਇਸ ਮਹੀਨੇ ਜਿੱਥੇ ਦਿਨੇ ਸੂਰਜ ਦੀਆਂ ਕਿਰਨਾਂ ਨਾਲ ਫੁੱਲ, ਬੂਟਿਆਂ ਤੇ ਨਿਖਾਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ ਖੁੱਲ੍ਹੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤਾਂ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ 'ਚ ਲੈ ਲੋਰੀਆਂ ਸੁਣਾਉਂਦੀ ਹੋਵੇ। ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ, ਬਸ਼ਰਤੇ ਮਨੁੱਖੀ ਮਨ ਨੂੰ ਮਨ ਨਾਲ ਇਹ ਕੁਦਰਤ ਦੀ ਕਾਇਨਾਤ ਨਾਲ ਮੋਹ ਪਾ ਇਕ-ਮਿਕ ਹੋਣਾ ਪਵੇਗਾ, ਬਾਰਾਂਮਾਹ 'ਚ ਬਾਬਾ ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ :

ਫੱਗਣ ਫੁੱਲੇ ਖੇਤ ਜਿਉਂ ਬਣ ਤਿਣ ਫੂਲ ਸਿੰਗਾਰ,
ਹਰ ਡਾਲੀ ਫੁੱਲ ਪੱਤੀਆਂ ਗਲ ਫੂਲਣ ਦੇ ਹਾਰ,
ਹੋਰੀ ਖੇਲਣ ਸਈਆਂ ਫੱਗਣ, ਮੇਰੇ ਨੈਣ ਝਲਾਰੀਂ ਵੱਗਣ,
ਔਖੇ ਜਿਊਂਦਿਆਂ ਦੇ ਦਿਨ ਤੱਗਣ, ਸੀਨੇ ਸਾਣ ਪ੍ਰੇਮ ਦੇ ਲੱਗਣ,
ਜੋ ਕੁਝ ਰੋਜ਼ ਅਜ਼ਲ ਥੀਂ ਹੋਈ, ਲਿਖੀ ਕਲਮ ਨਾ ਮੇਟੇ ਕੋਈ,
ਦੁੱਖਾਂ ਸੂਲਾਂ ਦਿੱਤੀ ਢੋਈ, ਬੁੱਲ੍ਹਾ ਸ਼ੌਹ ਨੂੰ ਆਖੇ ਕੋਈ,
ਜਿਸ ਨੂੰ ਰੋ ਰਹੀ ।6।

ਭਾਰਤ ਦੀਆਂ ਮੁੱਖ ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਣੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਾਹਰ ਦੀ ਰੁੱਤ ਇਸ ਫੱਗਣ ਮਹੀਨੇ 'ਚ ਹੀ ਆਉਂਦੀ ਹੈ। ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ। ਸਾਡੇ ਕਈਂ ਸੂਫੀ-ਸੰਤ-ਫਕੀਰ, ਸਾਹਿਤਕਾਰਾਂ ਨੇ ਤਿੱਥ ਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ ਤੇ ਵੀ ਬਹੁਤ ਕੁਝ ਕਿਹਾ ਹੈ। ਉਨ੍ਹਾਂ ਦੀਆਂ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਦੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰ ਦੇ ਆਪਸੀ ਸਬੰਧ ਉਨ੍ਹਾਂ ਬੜੀ ਸੂਝ-ਬੂਝ ਨਾਲ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੇ ਬਾਹਰ ਦੀ ਰੁੱਤ ਫੱਗਣ ਦੇ ਮਹੀਨੇ ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇਕ ਕਵਿਤਾ 'ਚ ਕਹਿੰਦੇ ਹਨ :

ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀ ਲਲਾਰਣੇ।
ਅੱਜ ਮੈਂ ਲੋਕਾਈ, ਉੱਤੇ ਸਾਰੇ ਰੰਗ ਵਾਰਨੇ।
ਇਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ।
ਇਕ ਕੱਚਾ ਸੂਹਾ ਰੰਗ, ਸੋਹਲਵੇਂ ਸਾਲ ਦਾ।
ਇਕ ਪੱਕਾ ਸੂਹਾ ਰੰਗ, ਕਿ ਰੰਗ ਖਿਆਲ ਦਾ।
ਇਹ ਦੋ ਰੁੱਤਾਂ ਦਾ ਮੇਲ, ਹੁਨਾਲ ਸਿਆਲ ਦਾ।

# ਪੇਂਡੂ-ਸ਼ਹਿਰੀ ਵੱਖਰਾਪਣ ਵਧਾ ਰਿਹੈ ਪਾੜਾ

ਕੋਈ ਛੇ-ਸੱਤ ਸਾਲ ਪਹਿਲਾਂ ਕਈ ਰਿਪੋਰਟਾਂ ਛਪੀਆਂ ਸਨ ਕਿ ਪਿੰਡਾਂ ਅਤੇ ਸ਼ਹਿਰਾਂ ਦੀ ਵਿੱਦਿਆ ਦਾ ਫਰਕ ਸਾਫ ਨਜ਼ਰ ਆਉਂਦਾ ਹੈ। ਉਨ੍ਹਾਂ ਵਿਚ ਕੁਝ ਜ਼ਿਕਰ ਦੱਸਿਆ ਗਿਆ ਕਿ ਪਿੰਡਾਂ ਦੇ ਸਿਰਫ 4 ਫੀਸਦੀ ਬੱਚੇ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿਚ ਦਾਖਲਾ ਲੈਂਦੇ ਹਨ ਜਦਕਿ ਅਜੇ ਭਾਰਤ ਦੇ ਪਿੰਡਾਂ ਵਿਚ ਰਹਿਣ ਵਾਲੀ ਵੱਸੋਂ ਸੱਤ ਫੀਸਦੀ ਹੈ। ਇਹ ਫਰਕ ਪਿੰਡਾਂ ਅਤੇ ਸ਼ਹਿਰੀ ਘਰਾਂ ਦੀ ਔਸਤ ਆਮਦਨ ਦੇ ਫਰਕ ਨਾਲ ਸਬੰਧਤ ਹੈ।

ਜਿਹੜੇ 22 ਫੀਸਦੀ ਲੋੜ ਗਰੀਬੀ-ਰੇਖਾ ਤੋਂ ਥੱਲੇ ਰਹਿੰਦੇ ਹਨ, ਉਨ੍ਹਾਂ ਵਿੱਚੋਂ ਜ਼ਿਆਦਾਤਰ ਪਿੰਡਾਂ ਵਿਚ ਰਹਿਣ ਵਾਲੇ ਹਨ। ਜਿਹੜੇ ਬੱਚੇ 8ਵੀਂ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ, ਉਨ੍ਹਾਂ ਦੀ ਗਿਣਤੀ 100 ਵਿਚੋਂ 24 ਹੈ ਅਤੇ ਉਨ੍ਹਾਂ ਵਿਚ ਵੀ ਪੇਂਡੂ ਬੱਚਿਆਂ ਦੀ ਗਿਣਤੀ ਸ਼ਹਿਰੀ ਬੱਚਿਆਂ ਤੋਂ ਕਿਤੇ ਜ਼ਿਆਦਾ ਹੈ। ਇਹ ਵੀ ਰਿਪੋਰਟ ਮਿਲੀ ਸੀ ਕਿ ਮਸਾਂ 52 ਫੀਸਦੀ ਬੱਚੇ ਹੀ ਮੈਟ੍ਰਿਕ ਦੀ ਪੜ੍ਹਾਈ ਪੂਰੀ ਕਰਦੇ ਹਨ।


ਉਚੇਰੀ ਵਿੱਦਿਆ ਦੀਆਂ ਜ਼ਿਆਦਾ ਸੰਸਥਾਵਾਂ ਸ਼ਹਿਰਾਂ ਵਿਚ ਹਨ ਅਤੇ ਜ਼ਿਆਦਾਤਰ ਪੇਂਡੂ ਬੱਚਿਆਂ ਦੀ ਉਹ ਪਹੁੰਚ ਵਿਚ ਨਹੀਂ ਹਨ ਜਿਸ ਦਾ ਕਾਰਨ ਮਾਂ-ਬਾਪ ਦਾ ਆਰਥਿਕ ਪੱਧਰ ਅਤੇ ਸੰਸਥਾ ਦੀ ਪਿੰਡ ਤੋਂ ਦੂਰੀ ਹੈ। ਖੁਰਾਕ ਸੁਰੱਖਿਆ ਜਿਸ ਅਧੀਨ ਦੇਸ਼ ਦੇ 67 ਫੀਸਦੀ ਲੋਕਾਂ ਨੂੰ ਸਸਤੀ ਖੁਰਾਕ ਦਿੱਤੀ ਜਾਂਦੀ ਹੈ, ਉਸ ਵਿਚ 75 ਫੀਸਦੀ ਪੇਂਡੂ ਹਨ ਜਦਕਿ 50 ਫੀਸਦੀ ਸ਼ਹਿਰੀ ਹਨ। ਇਹ ਸਾਰੀਆਂ ਗੱਲਾਂ ਪਿੰਡਾਂ ਦੀ ਕਮਜ਼ੋਰ ਆਰਥਿਕ ਹਾਲਤ ਬਾਰੇ ਦੱਸਦੀਆਂ ਹਨ ਪਰ ਫਿਕਰ ਵਾਲੀ ਗੱਲ ਇਹ ਹੈ ਕਿ ਵਿਕਾਸ ਲਈ ਅਪਣਾਈਆਂ ਗਈਆਂ ਸਕੀਮਾਂ ਤੋਂ ਬਾਅਦ ਵੀ ਇਸ ਵਿਚ ਸੁਧਾਰ ਨਹੀਂ ਹੋ ਰਿਹਾ। ਵਿੱਦਿਆ ਪ੍ਰਾਂਤਾਂ ਅਤੇ ਕੇਂਦਰ, ਦੋਵਾਂ ਦਾ ਸਾਂਝਾ ਵਿਸ਼ਾ ਹੈ। ਕਈ ਸਰਕਾਰੀ ਸਕੂਲ 10+2 ਦੀ ਸਾਇੰਸ ਅਤੇ ਆਰਟਸ ਦੀ ਵਿੱਦਿਆ ਦੇ ਰਹੇ ਹਨ ਪਰ ਉਹ ਹਰ ਖੇਤਰ ਵਿਚ ਲੋੜ ਤੋਂ ਘੱਟ ਹਨ।

ਇਹ ਸਕੂਲ ਹੀ ਉਚੇਰੀ ਵਿੱਦਿਆ ਅਤੇ ਪੇਸ਼ੇਵਰ ਕੋਰਸਾਂ ਦਾ ਆਧਾਰ ਹਨ ਪਰ ਆਮ ਹੀ ਵੇਖਿਆ ਗਿਆ ਹੈ ਕਿ ਇਨ੍ਹਾਂ ਕੋਰਸਾਂ ਦੇ ਦਾਖਲੇ ਲਈ ਅਤੇ ਪੇਸ਼ਿਆਂ ਨੂੰ ਅਪਣਾਉਣ ਦੇ ਮੁਕਾਬਲੇ ਵਿਚ ਪਬਲਿਕ ਸਕੂਲਾਂ ਦੇ ਵਿਦਿਆਰਥੀ ਪੇਂਡੂ ਵਿਦਿਆਰਥੀਆਂ ਤੋਂ ਕਿਤੇ ਅੱਗੇ ਹਨ। ਸਰਕਾਰੀ ਸਕੂਲਾਂ ਦੇ ਕੰਮਕਾਜ ਸਬੰਧੀ ਕਈ ਸ਼ਿਕਾਇਤਾਂ ਹਨ। ਇਹ ਗੱਲ ਵੀ ਵੇਖੀ ਗਈ ਹੈ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਵਾਲੇ ਉਸਤਾਦਾਂ ਦੇ ਬੱਚੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਹਨ ਜਦਕਿ ਨਿੱਜੀ ਸਕੂਲਾਂ ਵਿਚ ਪੜ੍ਹਾਉਣ ਵਾਲੇ ਉਸਤਾਦਾਂ ਦੇ ਬੱਚੇ, ਸਰਕਾਰੀ ਸਕੂਲਾਂ ਵਿਚ ਖਰਚੇ ਦੀ ਮਜਬੂਰੀ ਕਰਕੇ ਪੜ੍ਹਦੇ ਹਨ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਕਿਉਂ ਹੁੰਦਾ ਹੈ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਆਪਣੀ ਕਾਰਗੁਜ਼ਾਰੀ 'ਤੇ ਵੀ ਭਰੋਸਾ ਨਹੀਂ ?

ਅੱਧੇ ਦਿਨ ਵੇਲੇ ਦਿੱਤਾ ਜਾਂਦਾ ਖਾਣਾ ਅਤੇ ਮੁਫਤ ਵਿੱਦਿਆ ਵੀ ਉਨ੍ਹਾਂ ਪੇਂਡੂ ਬੱਚਿਆਂ ਦੇ ਸਕੂਲ ਛੱਡ ਜਾਣ ਨੂੰ ਨਹੀਂ ਰੋਕ ਸਕੀ। ਸਗੋਂ ਬੱਚਿਆਂ ਦੇ ਸਕੂਲ ਛੱਡਣ ਦੀ ਦਰ ਸਮੇਂ ਨਾਲ ਵਧ ਰਹੀ ਹੈ। ਇਹ ਉਹ ਤੱਤ ਹੈ ਜਿਸ ਦੀ ਘੋਖ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਰੋਕਣਾ ਚਾਹੀਦਾ ਹੈ।

ਇਹ ਮੁੱਖ ਕਾਰਨ ਜਾਂ ਵੱਡੇ ਕਾਰਨਾਂ ਵਿੱਚੋਂ ਇਕ ਹੋ ਸਕਦਾ ਹੈ ਜਿਹੜਾ ਪੇਂਡੂ-ਸ਼ਹਿਰੀ ਫਰਕ ਨੂੰ ਵਧਾ ਰਿਹਾ ਹੈ। ਉਹ ਪਰਿਵਾਰ ਜਿਨ੍ਹਾਂ ਦੇ ਬੱਚੇ ਬਾਲ ਕਿਰਤ ਕਰਦੇ ਹਨ, ਉਨ੍ਹਾਂ ਦਾ ਪੀੜ੍ਹੀ-ਦਰ-ਪੀੜ੍ਹੀ ਬੁਰਾ ਚੱਕਰ ਚੱਲ ਰਿਹਾ ਹੈ ਕਿਉਂ ਜੋ ਬਾਲਗਾਂ ਲਈ ਤਾਂ ਬੇਰੁਜ਼ਗਾਰੀ ਹੈ ਪਰ ਬੱਚਿਆਂ ਲਈ ਨੌਕਰੀ ਦੀ ਕੋਈ ਘਾਟ ਹੀ ਨਹੀਂ। ਬੱਚਿਆਂ ਨੂੰ ਆਸਾਨੀ ਨਾਲ ਨੌਕਰੀ ਮਿਲ ਜਾਂਦੀ ਹੈ। ਇਸ ਵਕਤ ਦੇਸ਼ ਵਿਚ ਚਾਰ ਕੁ ਕਰੋੜ ਬੱਚੇ ਕਿਰਤ ਕਰ ਰਹੇ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੇਂਡੂ ਬੱਚੇ ਹਨ। ਪਰਿਵਾਰ ਗਰੀਬ ਹਨ ਕਿਉਂ ਜੋ ਉਨ੍ਹਾਂ ਦੇ ਬਾਲਗਾਂ ਨੂੰ ਤਾਂ ਨੌਕਰੀ ਮਿਲਦੀ ਨਹੀਂ ਪਰ ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਆਸਾਨੀ ਨਾਲ ਨੌਕਰੀ ਮਿਲ ਜਾਂਦੀ ਹੈ। ਇਸ ਲਈ ਉਨ੍ਹਾਂ ਪਰਿਵਾਰਾਂ ਦੇ ਬੱਚੇ ਬੜੀ ਥੋੜ੍ਹੀ ਜਿਹੀ ਤਨਖਾਹ 'ਤੇ ਨੌਕਰੀ ਕਰਨ ਲੱਗ ਪੈਂਦੇ ਹਨ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਨੌਕਰੀ ਸ਼ੁਰੂ ਕਰ ਦਿੰਦੇ ਹਨ ਅਤੇ ਦੇਰ ਰਾਤ ਘਰ ਵਾਪਸ ਆਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਸ਼ਖਸੀਅਤ ਦਾ ਸਰਬਪੱਖੀ ਵਿਕਾਸ ਰੁਕ ਜਾਂਦਾ ਹੈ। ਉਹ ਬੱਚੇ ਆਪ ਖੁਸ਼ੀ ਨਾਲ ਨੌਕਰੀ 'ਤੇ ਨਹੀਂ ਲੱਗੇ ਸਗੋਂ ਮਾਂ-ਬਾਪ ਦੀ ਮਜ਼ਬੂਰੀ ਕਰਕੇ ਲੱਗੇ ਹਨ।



ਡਾ. ਸ. ਸ. ਛੀਨਾ
ਮੋਬਾਇਲ : 7889039596

ਉਹ ਆਪਣੀ ਮਰਜ਼ੀ ਦੇ ਖਿਲਾਫ ਕੰਮ ਕਰ ਰਹੇ ਹਨ ਜਦਕਿ ਹੋਰ ਪਰਿਵਾਰਾਂ ਦੇ ਬੱਚੇ ਖੁਸ਼ੀ ਨਾਲ ਪੜ੍ਹ ਰਹੇ ਹਨ ਅਤੇ ਖੇਡਦੇ ਹਨ। ਜੇ ਬੱਚੇ ਦੀ ਕਮਾਈ ਵੱਧ ਵੀ ਜਾਵੇ ਤਾਂ ਵੀ ਪਰਿਵਾਰ ਗਰੀਬ ਹੀ ਰਹੇਗਾ ਅਤੇ ਅਖੀਰ ਜਦ ਬਾਲਗ ਹੋਣ 'ਤੇ ਉਹ ਦੀ ਸ਼ਾਦੀ ਹੋ ਜਾਵੇਗੀ, ਉਸ ਦੇ ਬੱਚੇ ਫਿਰ ਕਿਰਤ ਕਰਨੀ ਸ਼ੁਰੂ ਕਰ ਦੇਣਗੇ ਅਤੇ ਇਹ ਬੁਰਾ ਚੱਕਰ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹੇਗਾ।

ਜਿਉਂ-ਜਿਉਂ ਆਮਦਨ ਨਾ-ਬਰਾਬਰੀ ਵਧਦੀ ਜਾਵੇਗੀ ਇਨ੍ਹਾਂ ਬੱਚਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਵੇਗਾ। ਪਿੰਡਾਂ ਦੀ ਵੱਸੋਂ ਦਾ ਅਜੇ ਵੀ ਮੁੱਖ ਪੇਸ਼ਾ ਖੇਤੀਬਾੜੀ ਹੀ ਹੈ। ਅਜੇ ਵੀ ਦੇਸ਼ ਦੀ 60 ਫੀਸਦੀ ਵੱਸੋਂ ਖੇਤੀਬਾੜੀ ਵਿਚ ਲੱਗੀ ਹੋਈ ਹੈ ਪਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ ਘਟ ਕੇ ਸਿਰਫ 14 ਫੀਸਦੀ ਰਹਿ ਗਿਆ ਹੈ। ਸਿੱਟਾ ਇਹ ਹੈ ਕਿ 60 ਫੀਸਦੀ ਲੋਕ ਜਿਹੜੇ ਖੇਤੀ ਵਿਚ ਲੱਗੇ ਹੋਏ ਹਨ ਉਹ ਸਿਰਫ 14 ਫੀਸਦੀ ਕਮਾ ਰਹੇ ਹਨ ਜਦਕਿ ਬਾਕੀ ਦੀ 40 ਫੀਸਦੀ ਵੱਸੋਂ ਦੇ ਹਿੱਸੇ 86 ਫੀਸਦੀ ਆਮਦਨ ਆਉਂਦੀ ਹੈ ਜੋ ਖੇਤੀ ਅਤੇ ਗੈਰ-ਖੇਤੀ ਦੇ ਵੱਡੇ ਫਰਕ ਨੂੰ ਦਰਸਾਉਂਦੀ ਹੈ ਤੇ ਜਿਹੜੀ ਪੇਂਡੂ ਅਤੇ ਸ਼ਹਿਰੀ ਫਰਕ ਨੂੰ ਹੋਰ ਸਪਸ਼ਟ ਕਰਦੀ ਹੈ ਜਿਸ ਕਰਕੇ ਵੀ ਪੇਂਡੂ ਖੇਤਰ ਲਈ ਥੋੜ੍ਹੇ ਜਿਹੇ ਮੌਕੇ ਮਿਲਦੇ ਹਨ। ਪਿੰਡਾਂ ਵਿਚ ਗੈਰ ਖੇਤੀ ਖੇਤਰ ਵਿਚ ਇਸ ਤਰ੍ਹਾਂ ਵਿਕਸਤ ਨਹੀਂ ਹੋ ਰਿਹਾ ਕਿ ਉਹ ਖੇਤੀ ਤੋਂ ਵਿਹਲੀ ਹੋ ਰਹੀ ਵੱਸੋਂ ਨੂੰ ਨੌਕਰੀਆਂ ਦੇ ਸਕੇ। ਕਾਲਜਾਂ ਅਤੇ ਹੋਰ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿਚ ਪੜ੍ਹਨ ਤੋਂ ਬਾਅਦ ਜਦੋਂ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਤਾਂ ਉਹ ਹੋਰ ਪੇਂਡੂ ਬੱਚਿਆਂ ਨੂੰ ਵੀ ਕਾਲਜਾਂ, ਯੂਨੀਵਰਸਿਟੀਆਂ ਆਦਿ ਵਿਚ ਪੜ੍ਹਨ ਤੋਂ ਨਿਰ-ਉਤਸ਼ਾਹਤ ਕਰਦੇ ਹਨ।

ਇਹ ਇਸ ਕਰਕੇ ਹੀ ਹੁੰਦਾ ਹੈ ਕਿ ਪੇਂਡੂ ਬੱਚਿਆਂ ਦੀ ਵਿੱਦਿਆ ਦਾ ਆਧਾਰ ਕਮਜ਼ੋਰ ਹੁੰਦਾ ਹੈ। ਇਹ ਬੱਚਿਆਂ ਅਤੇ ਉਨ੍ਹਾਂ ਦੇ ਮਾਂ-ਬਾਪ, ਦੋਵਾਂ ਲਈ ਨਿਰ-ਉਤਸ਼ਾਹ ਪੈਦਾ ਕਰਦਾ ਹੈ ਅਤੇ ਉਹ ਜਿਹੜੀ ਵੀ ਛੋਟੀ-ਮੋਟੀ ਨੌਕਰੀ ਮਿਲਦੀ ਹੈ, ਆਪਣੇ ਬੱਚੇ ਨੂੰ ਉਸ 'ਤੇ ਲੱਗ ਜਾਣ ਨਾਲ ਸੰਤੁਸ਼ਟ ਹੋ ਜਾਂਦੇ ਹਨ। ਪੇਂਡੂ ਅਤੇ ਸ਼ਹਿਰੀ ਵਿੱਦਿਆ ਦੀਆਂ ਪ੍ਰਾਪਤੀਆਂ ਦਾ ਵਧਦਾ ਪਾੜਾ ਕਰਨਾ ਇੱਕ ਵੱਡੀ ਚੁਣੌਤੀ ਹੈ। ਕਿਉਂ ਜੋ ਪਿੰਡਾਂ ਵਿਚ ਰਹਿਣ ਵਾਲੀ ਜ਼ਿਆਦਾਤਰ ਵੱਸੋਂ ਸਰਕਾਰੀ ਸੰਸਥਾਵਾਂ 'ਤੇ ਨਿਰਭਰ ਕਰਦੀ ਹੈ। ਇਸ ਲਈ ਸਰਕਾਰੀ ਸੰਸਥਾਵਾਂ ਵਿਚ ਵੱਡੇ ਸੁਧਾਰਾਂ ਦੀ ਲੋੜ ਹੈ ਤਾਂ ਕਿ ਉਹ ਵੀ ਪਬਲਿਕ ਸਕੂਲਾਂ ਵਾਲੇ ਸਿੱਟੇ ਦੇ ਸਕਣ। ਪਬਲਿਕ ਸਕੂਲ ਪਿੰਡਾਂ ਵਿਚ ਸ਼ੁਰੂ ਕਰਨੇ ਚਾਹੀਦੇ ਹਨ ਜਿੱਥੇ ਦੇਖਰਚ ਪਿੰਡਾਂ ਦੀ ਵੱਸੋਂ ਦੀ ਪਹੁੰਚ ਵਿਚ ਹੋਣ। ਸਰਕਾਰੀ ਸਕੂਲਾਂ ਨੂੰ ਪਬਲਿਕ ਸਕੂਲਾਂ ਵਾਲੇ ਸਿੱਟੇ ਦੇਣੇ ਚਾਹੀਦੇ ਹਨ। ਪੇਸ਼ੇਵਰ, ਉਚੇਰੀ ਵਿੱਦਿਆ ਦੀਆਂ ਹੋਰ ਸੰਸਥਾਵਾਂ ਬਣਾਉਣੀਆਂ ਚਾਹੀਦੀਆਂ ਹਨ ਜਿੱਥੇ ਫਿਲਹਾਲ ਪਿੰਡਾਂ ਤੋਂ ਬਹੁਤ ਘੱਟ ਗਿਣਤੀ ਵਿਚ ਬੱਚੇ ਜਾਂਦੇ ਹਨ।

ਇਨ੍ਹਾਂ ਬੱਚਿਆਂ ਦੀ ਗਿਣਤੀ ਕਿਵੇਂ ਵਧਾਈ ਜਾਵੇ, ਇਹ ਵੀ ਇਕ ਚੁਣੌਤੀ ਹੈ। ਵਰਤਮਾਨ ਪੇਂਡੂ ਸੰਸਥਾਵਾਂ ਨੂੰ ਉਨ੍ਹਾਂ ਸੰਸਥਾਵਾਂ ਮੁਕਾਬਲਾ ਕਰਨ ਦੀ ਸਮਰੱਥਾ ਬਣਾਉਣੀ ਚਾਹੀਦੀ ਹੈ। ਉਨ੍ਹਾਂ ਸੰਸਥਾਵਾਂ ਨੂੰ ਇਹ ਉਦੇਸ਼ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਸੰਸਥਾਵਾਂ ਵਿਚੋਂ ਵੱਧ ਤੋਂ ਵੱਧ ਬੱਚੇ ਚੰਗੇ ਕੋਰਸਾਂ ਅਤੇ ਚੰਗੀਆਂ ਨੌਕਰੀਆਂ 'ਚ ਜਾਣ। ਖੇਡਾਂ, ਸੱਭਿਆਚਾਰਕ ਤੇ ਹੋਰ ਕਾਰਵਾਈਆਂ 'ਚ ਪ੍ਰਾਪਤੀਆਂ ਵੀ ਇਨ੍ਹਾਂ ਯੂਨੀਵਰਸਿਟੀਆਂ ਤੇ ਸੰਸਥਾਵਾਂ 'ਚ ਦਾਖਲੇ ਦਾ ਆਧਾਰ ਬਣਨ।

ਇਸ ਵੱਡੀ ਚੁਣੌਤੀ ਦਾ ਸਾਹਮਣਾ ਕਰਨ ਲਈ ਵੱਖ-ਵੱਖ ਕੋਰਸਾਂ ਤੇ ਨੌਕਰੀਆਂ ਲਈ ਪੇਂਡੂ ਬੱਚਿਆਂ ਲਈ ਸੁਰੱਖਿਅਤ ਸੀਟਾਂ ਹੋਣੀਆਂ ਚਾਹੀਦੀਆਂ ਹਨ। ਇਕ ਇਹ ਗੱਲ ਵੀ ਵੇਖੀ ਗਈ ਹੈ ਕਿ ਪੇਂਡੂ ਖੇਤਰਾਂ 'ਚ ਕੋਰਸਾਂ ਤੇ ਨੌਕਰੀਆਂ ਲਈ ਮਿਲਣ ਵਾਲੀ ਸਲਾਹ ਤੇ ਅਗਵਾਈ ਦੀ ਵੀ ਘਾਟ ਹੈ। ਇਹ ਆਮ ਵਿੱਦਿਆ ਦਾ ਘੱਟ ਪੱਧਰ ਅਤੇ ਕਰੀਅਰ ਅਤੇ ਕੋਰਸਿਜ਼ ਦੇ ਗਾਈਡੈਂਸ ਸੈਂਟਰਾਂ ਦੀ ਅਣਹੋਂਦ ਕਰਕੇ ਵੀ ਸਕਦਾ ਹੈ।

ਇਸ ਤਰ੍ਹਾਂ ਦੇ ਸੈਂਟਰ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨਾਲ ਜੋੜਨੇ ਚਾਹੀਦੇ ਹਨ ਜਿੱਥੇ ਬੱਚਿਆਂ ਦੇ ਮਾਂ-ਬਾਪ ਨੂੰ ਯੋਗ ਅਗਵਾਈ ਮਿਲੇ। ਕਿਸੇ ਖਾਸ ਕੋਰਸ ਵਿਚ ਦਾਖਲੇ ਬਾਰੇ ਜਾਣਕਾਰੀ ਨਾ ਹੋਣਾ ਵੀ ਬੱਚਿਆਂ ਲਈ ਵੱਡੀ ਰੁਕਾਵਟ ਹੈ। ਕਿਉਂ ਜੋ ਪੇਂਡੂ ਅਤੇ ਸ਼ਹਿਰੀ ਮਾਂ-ਬਾਪ ਦੀ ਆਰਥਿਕ ਹਾਲਤ ਦਾ ਫਰਕ, ਪੇਂਡੂ ਅਤੇ ਸ਼ਹਿਰੀ ਬੱਚਿਆਂ ਦੇ ਵਿੱਦਿਅਕ ਮਿਆਰ ਵਿਚ ਫਰਕ ਦਾ ਵੱਡਾ ਕਾਰਨ ਹੈ। ਇਸ ਲਈ ਪਿੰਡਾਂ ਵਿਚ ਫੀਸਾਂ ਅਤੇ ਹੋਰ ਖਰਚ 'ਤੇ ਬਹੁਤ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਅਤੇ ਇਹ ਖਰਚ ਪਿੰਡਾਂ ਵਿਚ ਰਹਿਣ ਵਾਲੇ ਮਾਂ-ਬਾਪ ਦੀ ਪਹੁੰਚ ਵਿਚ ਹੋਣਾ ਚਾਹੀਦਾ ਹੈ। ਮਾਂ-ਬਾਪ ਵੱਲੋਂ ਸਕੂਲ ਦਾ ਖਰਚ ਨਾ ਉਠਾ ਸਕਣਾ ਬੱਚਿਆਂ ਦੀ ਪੜ੍ਹਾਈ 'ਚ ਰੁਕਾਵਟ ਨਹੀਂ ਬਣਨਾ ਚਾਹੀਦਾ।

# ਮੈਂਥੇ ਦੀ ਕਾਸ਼ਤ ਲਈ ਜ਼ਰੂਰੀ ਨੁਕਤੇ

**ਅਮਨਦੀਪ ਸਿੰਘ ਬਰਾੜ, ਚਰਨਜੀਤ ਕੌਰ ਅਤੇ ਮਨਪ੍ਰੀਤ ਜੈਦਕਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਬੁੱਧ ਸਿੰਘ ਵਾਲਾ, ਮੋਗਾ (ਮੋ.98142-19099)**



**ਸੁਧਰੀਆਂ ਕਿਸਮਾਂ** : ਮੈਂਥੋਲਮਿੰਟ (ਜਪਾਨੀ ਪੁਦੀਨੇ) ਦੀਆਂ ਦੋ ਕਿਸਮਾਂ ਸਿਮ-ਕ੍ਰਾਂਤੀ ਅਤੇ ਕੋਸੀ ਤੋਂ ਇਲਾਵਾ ਪੰਜਾਬ ਸਪੀਅਰ ਮਿੰਟ 1 ਅਤੇ ਰਸ਼ੀਅਨ ਮਿੰਟ ਦੀ ਵੀ ਸਿਫਾਰਿਸ਼ ਕੀਤੀ ਗਈ ਹੈ।

**ਬੀਜ ਦੀ ਚੋਣ** : ਮੈਂਥੇ ਦੀ ਕਾਸ਼ਤ ਲਈ ਤਾਜ਼ੀਆਂ, ਨਿਰੋਗ ਜੜ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਬਿਜਾਈ ਲਈ ਪੁੰਗਰੀਆਂ ਜੜ੍ਹਾਂ ਨਹੀਂ ਵਰਤਣੀਆਂ ਚਾਹੀਦੀਆਂ ਕਿਉਂਕਿ ਇਨ੍ਹਾਂ ਵਿਚੋਂ ਬਹੁਤੀਆਂ ਮਰ ਜਾਂਦੀਆਂ ਹਨ। ਬਿਜਾਈ ਸਮੇਂ ਜੜ੍ਹਾਂ ਨੂੰ ਤੋੜ ਕੇ 5 ਤੋਂ 8 ਸੈਂਟੀਮੀਟਰ ਦੇ ਟੁਕੜੇ ਕਰ ਲੈਣੇ ਚਾਹੀਦੇ ਹਨ।

**ਬੀਜ ਦੀ ਮਾਤਰਾ** : ਇਕ ਏਕੜ ਦੀ ਬਿਜਾਈ ਲਈ 2 ਕੁਇੰਟਲ ਜੜ੍ਹਾਂ ਦੀ ਜ਼ਰੂਰਤ ਪੈਂਦੀ ਹੈ। ਇੰਨ੍ਹੀਆਂ ਜੜ੍ਹਾਂ ਪਿਛਲੇ ਸਾਲ ਦੀ ਫਸਲ ਵਾਲੀ ਤਕਰੀਬਨ ਅੱਧੀ ਕਨਾਲ (10 ਮਰਲੇ) ਜਗ੍ਹਾ ਵਿੱਚੋਂ ਮਿਲ ਜਾਂਦੀਆਂ ਹਨ।

**ਬਿਜਾਈ ਦਾ ਸਮਾਂ ਅਤੇ ਤਰੀਕਾ** : ਅੱਧ ਜਨਵਰੀ ਤੋਂ ਅਖੀਰ ਜਨਵਰੀ

**ਮੈਂਥੋਲਮਿੰਟ ਦੀਆਂ ਕਿਸਮਾਂ ਕੋਸੀ ਅਤੇ ਸਿੰਮ-ਕ੍ਰਾਂਤੀ** : ਅੱਧ ਫਰਵਰੀ ਤੱਕ

ਪਿਛੇਤੀ ਬਿਜਾਈ ਅਤੇ ਸਿੰਚਾਈ ਸਹੂਲਤਾਂ ਉਪਲੱਬਧ ਹੋਣ ਤੇ ਪਨੀਰੀ ਰਾਹੀਂ ਕਾਸ਼ਤ ਅਪ੍ਰੈਲ ਵਿਚ ਕਰੋ।

**ਖੇਤ ਦੀ ਤਿਆਰੀ** : ਮੈਂਥੇ ਦੀ ਬਿਜਾਈ ਲਈ ਖੇਤ ਨੂੰ ਭੁਰ-ਭੁਰਾ ਤਿਆਰ ਕਰੋ। ਬਿਜਾਈ ਤੋਂ ਪਹਿਲਾਂ ਖੇਤ ਨੂੰ 2-3 ਵਾਰ ਵਾਹ ਲਵੋ ਤਾਂ ਕਿ ਖੇਤ ਨਦੀਨਾਂ, ਮੁੱਢਾਂ ਅਤੇ ਵੱਡੇ ਢੇਲਿਆਂ ਤੋਂ ਰਹਿਤ ਹੋ ਜਾਵੇ।


**ਜੀਵਾਣੂੰ ਖਾਦ** : ਬਿਜਾਈ ਸਮੇਂ 4 ਕਿਲੋ ਕੰਨਸੋਰਸ਼ੀਅਮ ਜੀਵਾਣੂੰ ਖਾਦ ਪ੍ਰਤੀ ਏਕੜ ਵਰਤੋ।

**ਬਿਜਾਈ ਦਾ ਢੰਗ** : ਮੈਂਥੇ ਦੀ ਬਿਜਾਈ ਕਤਾਰਾਂ ਵਿਚ ਡੇਢ ਫੁੱਟ (45 ਸੈਂਟੀਮੀਟਰ) ਡੂੰਘਾ ਬੀਜੋ। ਵਧੇਰੇ ਝਾੜ ਅਤੇ ਪਾਣੀ ਦੀ ਬੱਚਤ ਲਈ ਮੈਂਥੇ ਦੀ ਕਾਸ਼ਤ ਸਵਾ ਦੋ ਫੁੱਟ ਦੇ (67.5 ਸੈਂਟੀਮੀਟਰ) ਚੌੜੇ ਬੈੱਡਾਂ ਤੇ 2 ਕਤਾਰਾਂ ਲਗਾ ਕੇ ਕਰੋ। ਬਿਜਾਈ ਖੇਤ ਵਿਚ ਜੜ੍ਹਾਂ ਖਿਲਾਰ ਕੇ ਉਪਰੰਤ ਦੋ ਫੁੱਟ ਦੀਆਂ (60 ਸੈਂਟੀਮੀਟਰ) ਚੌੜੀਆਂ ਵੱਟਾਂ ਬਣਾ ਕੇ ਵੀ ਕੀਤੀ ਜਾ ਸਕਦੀ ਹੈ :

**ਫਸਲ ਦੀ ਕਟਾਈ** : ਮੈਂਥੇ ਦੀ ਕਟਾਈ ਫਸਲ ਨੂੰ ਫੁੱਲ ਪੈਣੇ ਸ਼ੁਰੂ ਹੋਣ ਤੇ ਕਰ ਲੈਣੀ ਚਾਹੀਦੀ ਹੈ। ਪ੍ਰੰਤੂ ਜੇਕਰ ਇਸ ਤੋਂ ਪਹਿਲਾਂ ਹੇਠਲੇ ਪੱਤੇ ਪੀਲੇ ਪੈ ਕੇ ਝੜਨੇ ਸ਼ੁਰੂ ਹੋ ਜਾਣ ਤਾਂ ਕਟਾਈ ਪਹਿਲਾਂ ਕਰ ਲੈਣੀ ਚਾਹੀਦੀ ਹੈ। ਆਮ ਤੌਰ ਤੇ ਪਹਿਲੀ ਕਟਾਈ ਜੂਨ ਮਹੀਨੇ ਵਿਚ ਕਰੋ।

**ਮੈਂਥੇ ਵਿੱਚੋਂ ਤੇਲ ਕੱਢਣਾ** : ਫਸਲ ਦੀ ਕਟਾਈ ਉਪਰੰਤ ਪਾਣੀ ਦੀ ਮਾਤਰਾ ਘੱਟ ਕਰਨ ਲਈ ਫਸਲ ਨੂੰ ਇਕ ਰਾਤ ਰੱਖ ਕੇ ਕੁਮਲਾਉਣ ਦਿਓ ਅਤੇ ਭਾਫ ਵਾਲੇ ਸਾਦੇ ਢੰਗ ਨਾਲ ਕਸ਼ੀਦ ਕਰਕੇ ਤੇਲ ਕੱਢੋ। ਕਸ਼ੀਦਣ ਵਿਧੀ ਰਾਹੀਂ ਤੇਲ ਕੱਢਣ ਲਈ ਕਈ ਪ੍ਰਾਈਵੇਟ ਪਲਾਂਟ ਵੀ ਲੱਗੇ ਹੋਏ ਹਨ, ਜਿਨ੍ਹਾਂ ਰਾਹੀਂ ਕਿਸਾਨ ਆਪਣੀ ਫਸਲ ਦਾ ਤੇਲ ਕੱਢਵਾ ਸਕਦੇ ਹਨ। ਮੈਂਥੇ ਦੀ ਕਾਸ਼ਤ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਨੇੜੇ-ਤੇੜੇ ਤੇਲ ਕੱਢਣ ਵਾਲਾ ਪਲਾਂਟ ਜ਼ਰੂਰ ਲੱਗਿਆ ਹੋਵੇ ਜਿੱਥੋਂ ਮੈਂਥੇ ਦਾ ਤੇਲ ਕਢਵਾਇਆ ਜਾ ਸਕੇ।

# ਅੱਖਾਂ ਦੀ ਭਾਸ਼ਾ



ਡਾ. ਰਣਜੀਤ ਸਿੰਘ

ਅੱਖਾਂ ਮਨੁੱਖੀ ਸਰੀਰ ਦਾ ਬਹੁਤ ਹੀ ਮਹੱਤਵਪੂਰਨ ਅੰਗ ਹਨ। ਇਕ ਆਮ ਕਹਾਵਤ ਹੈ ਕਿ ''ਅੱਖਾਂ ਗਈਆਂ ਸੰਸਾਰ ਗਿਆ।'' ਅੱਖਾਂ ਤੋਂ ਬਿਨਾਂ ਇਨਸਾਨ ਲਈ ਸਾਰਾ ਜੱਗ ਹਨ੍ਹੇਰਾ ਹੋ ਜਾਂਦਾ ਹੈ। ਅੱਖਾਂ ਨਿਰ੍ਹਾ ਵੇਖਣ ਦਾ ਕੰਮ ਹੀ ਨਹੀਂ ਕਰਦੀਆਂ ਸਗੋਂ ਮਨੁੱਖੀ ਸਖਸ਼ੀਅਤ ਅਤੇ ਉਸ ਦੇ ਮਨੋਭਾਵਾਂ ਦੀ ਵੀ ਸਭ ਤੋਂ ਵਧੀਆ ਝਲਕ ਦਿੰਦੀਆਂ ਹਨ। ਮਨੁੱਖ ਦੇ ਚਿਹਰੇ ਦੀ ਖੂਬਸੂਰਤੀ ਵਿਚ ਅੱਖਾਂ ਦੀ ਮੁੱਖ ਭੂਮਿਕਾ ਹੈ। ਔਰਤਾਂ ਦੀ ਸੁੰਦਰਤਾ ਨਿਖਾਰਨ ਵਿਚ ਤਾਂ ਅੱਖਾਂ ਦਾ ਵਿਸ਼ੇਸ਼ ਸਥਾਨ ਹੈ। ਆਪਣੇ ਸ਼ਿੰਗਾਰ ਸਮੇਂ ਔਰਤਾਂ ਅੱਖਾਂ ਦੇ ਸ਼ਿੰਗਾਰ ਵਲ ਵਿਸ਼ੇਸ਼ ਧਿਆਨ ਦਿੰਦੀਆਂ ਹਨ। ਕਵੀਆਂ ਨੇ ਔਰਤ ਦੀ ਸੁੰਦਰਤਾ ਦਾ ਵਰਨਣ ਕਰਦੇ ਸਮੇਂ ਅੱਖਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਨੈਣਾਂ ਦੀ ਸੁੰਦਰਤਾ ਦਾ ਵਰਨਣ ਸਰੀਰ ਦੇ ਕਿਸੇ ਵੀ ਹੋਰ ਅੰਗ ਨਾਲੋਂ ਵੱਧ ਹੋਇਆ ਹੈ। ਲੋਕ ਗੀਤਾਂ ਵਿਚ ਅੱਖਾਂ ਦੀ ਸੁੰਦਰਤਾ ਦਾ ਵਰਨਣ ਹੈ।

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿਚ ਕੈਦ ਕੀਤੀਆਂ।

ਬਾਬਾ ਫਰੀਦ ਵੀ ਅੱਖਾਂ ਦੀ ਸੁੰਦਰਤਾ ਅਤੇ ਖਿੱਚ ਦਾ ਵਰਨਣ ਕਰਨੋਂ ਨਹੀਂ ਰਹਿ ਸਕੇ।

ਫਰੀਦਾ ਜਿਨੁ ਲੋਇਣ ਜਗੁ ਮੋਹਿਆ,
ਸੇ ਲੋਇਣ ਮੈਂ ਡੀਠੁ ॥
ਕੱਜਲ ਰੇਖ ਨਾ ਸਹਦਿਆ
ਸੇ ਪੰਖੀ ਸੂਇ ਬਹਿਠੁ ॥

ਨੈਣਾਂ ਦੀ ਸੁੰਦਰਤਾ ਦਾ ਵਰਨਣ ਕਰਨ ਲਈ ਤਰ੍ਹਾਂ ਤਰ੍ਹਾਂ ਦੀਆਂ ਤਸ਼ਬੀਹਾਂ ਦਿੱਤੀਆਂ ਗਈਆਂ ਹਨ। ਕਈ ਕਵੀਆਂ ਨੇ ਮਿਰਗ ਦੇ ਨੈਣਾਂ ਨਾਲ, ਕਈਆਂ ਨੇ ਘੋੜੀਆਂ ਦੀਆਂ ਅੱਖਾਂ ਨਾਲ ਤੇ ਕਈਆਂ ਨੇ ਨੀਲੀ ਝੀਲ ਦੀ ਗਹਿਰਾਈਆਂ ਨਾਲ ਅੱਖਾਂ ਦੀ ਤੁਲਨਾ ਕੀਤੀ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜਿਸ ਦੀਆਂ ਅੱਖਾਂ ਖੂਬਸੂਰਤ ਹਨ ਉਸ ਦੇ ਹੋਰ ਬਹੁਤ ਸਾਜੇ ਕੋਹਜ ਆਪਣੇ ਆਪ ਛਿਪ ਜਾਂਦੇ ਹਨ।

## ਅੱਖਾਂ ਦੀ ਭਾਸ਼ਾ

ਮਨੁੱਖ ਕੋਲ ਗੱਲਾਂ ਕਰਨ ਲਈ ਜ਼ਬਾਨ ਹੈ। ਸ਼ਬਦਾਂ ਦੇ ਮਾਧਿਅਮ ਰਾਹੀਂ ਉਹ ਆਪਣੇ ਵਿਚਾਰ ਦੂਜਿਆਂ ਤੀਕ ਪਹੁੰਚਾਉਂਦਾ ਹੈ ਪਰ ਇਹ ਜਾਣ ਕੇ ਕਈ ਹੈਰਾਨ ਹੋਣਗੇ ਕਿ ਜ਼ਬਾਨ ਨਾਲੋਂ ਕਿਤੇ ਵੱਧ ਗੱਲਾਂ ਅੱਖਾਂ ਰਾਹੀਂ ਕੀਤੀਆਂ ਜਾਂਦੀਆਂ ਹਨ। ਸ਼ਾਇਦ ਜੇ ਕੁਝ ਅੱਖਾਂ ਰਾਹੀਂ ਆਖਿਆ ਜਾ ਸਕਦਾ ਹੈ, ਉਹ ਹੋਰ ਕਿਸੇ ਵੀ ਢੰਗ ਨਾਲ ਨਹੀਂ ਆਖਿਆ ਜਾ ਸਕਦਾ ਹੈ।

ਅੱਖਾਂ ਨਾਲ ਕੀਤੀਆਂ ਗੱਲਾਂ ਦਿਲ ਦੀਆਂ ਗਹਿਰਾਈਆਂ ਵਿਚ ਹੁੰਦੀਆਂ ਹਨ, ਜਦੋਂ ਕਿ ਜ਼ਬਾਨ ਝੂਠ ਨੂੰ ਸੱਚ ਬਨਾਉਣ ਲਈ ਬਹੁਤ ਵੇਰ ਵਰਤੀ ਜਾਂਦੀ ਹੈ ਪ੍ਰੰਤੂ ਅੱਖਾਂ ਇਸ ਦੇ ਉਲਟ ਸੱਚ ਨੂੰ ਹੀ ਪ੍ਰਗਟ ਕਰਦੀਆਂ ਹਨ। ਇਸੇਕਰ ਕੇ ਆਖਿਆ ਜਾਂਦਾ ਹੈ ਕਿ ਜੇਕਰ ਨੂੰ ਸੱਚਾ ਹੈਂ ਤਾਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਜਾਂ 'ਸ਼ਰਮ ਨਾਲ ਅੱਖਾਂ ਨੀਵੀਆਂ ਹੋ ਜਾਣਾ।' ਜਿੱਥੇ ਅੱਖਾਂ ਸੱਚ ਦਾ ਪ੍ਰਗਟਾਵਾ ਕਰਦੀਆਂ ਹਨ ਉੱਥੇ ਪਿਆਰ ਦੀ ਗੱਲ ਵੀ ਅੱਖਾਂ ਰਾਹੀਂ ਹੀ ਹੋ ਸਕਦੀ ਹੈ। ਇਸੇ ਲਈ ਤਾਂ ਕਿਸੇ ਨੇ ਲੋਕ ਬੋਲੀਆਂ ਵਿਚ ਆਖਿਆ ਹੈ :

ਤੇਰੇ ਬੁਲ੍ਹ ਨਾ ਫਰਕਦੇ ਦਿਸਦੇ ਅੱਖਾਂ ਨਾਲ ਗੱਲ ਕਰਤੀ।

........................................

ਜਿਹਨੇ ਅੱਖ ਦੀ ਰਮਜ਼ ਨਾ ਜਾਣੀ ਮਾਰ ਗੋਲੀ ਆਸ਼ਕ ਨੂੰ।

........................................

ਸੁਹਣੇ ਯਾਰ ਨੇ ਕੁਵੇਲੇ ਅੱਖ ਮਾਰੀ ਔਖੀ ਹੋ ਗਈ ਕੰਧ ਟੱਪਣੀ।

........................................

ਸਾਡੇ ਸਮਾਜ ਵਿਚ ਪ੍ਰੇਮੀਆਂ ਦੇ ਰਾਹਾਂ ਵਿਚ ਅਜਿਹੀਆਂ ਬੰਦਿਸ਼ਾਂ ਹਨ ਕਿ ਜ਼ੁਬਾਨ ਨਾਲ ਗੱਲ ਕਰਨੀ ਖਤਰੇ ਤੋਂ ਖਾਲੀ ਨਹੀਂ ਹੈ। ਪ੍ਰੇਮੀ ਆਪਣੀ ਬਹੁਤੀ ਗਲਬਾਤ ਅੱਖਾਂ ਰਾਹੀਂ ਹੀ ਕਰਦੇ ਹਨ। ਅੱਖਾਂ ਕੇਵਲ ਪ੍ਰੇਮੀਆਂ ਦੇ ਸੁਨੇਹੇ ਹੀ ਨਹੀਂ ਪਹੁੰਚਾਉਂਦੀਆਂ ਸਗੋਂ ਪ੍ਰੇਮੀਆਂ ਵੱਲੋਂ ਆਪਣੇ ਪ੍ਰੇਮ ਦਾ ਪ੍ਰਗਟਾਵਾ ਵੀ ਅੱਖਾਂ ਰਾਹੀਂ ਹੀ ਹੁੰਦਾ ਹੈ। ਆਪਣੇ ਅਥਾਹ ਪਿਆਰ ਦਾ ਪ੍ਰਗਟਾਵਾ ਕਰਨ ਲਈ ਤਾਂਹੀਓਂ ਤਾਂ ਕਿਸੇ ਮੁਟਿਆਰ ਨੇ ਆਖਿਆ ਹੈ :

ਲਾਲੀ ਮੇਰੀਆਂ ਅੱਖਾਂ ਵਿਚ ਰੜਕੇ ਅੱਖ ਮੇਰੇ ਯਾਰ ਦੀ ਦੁਖੇ।

........................................

ਮੈਂ ਡਰਦੀ ਨਾ ਸੁਰਮਾ ਪਾਵਾਂ ਅੱਖੀਆਂ 'ਚ ਯਾਰ ਵੱਸਦਾ।

## ਮਨੋਭਾਵਾਂ ਦਾ ਪ੍ਰਗਟਾਵਾ

ਅੱਖਾਂ ਮਨੁੱਖ ਦੇ ਅੰਦਰ ਦਾ ਅਕਸ ਹਨ। ਕੋਈ ਆਪਣੇ ਮਨੋਭਾਵਾਂ ਨੂੰ ਲੱਖ ਛੁਪਾਉਣ ਦੀ ਕੋਸ਼ਿਸ਼ ਕਰੇ ਪ੍ਰੰਤੂ ਪਾਰਖੂ ਅੱਖ ਅੱਖਾਂ ਵਿੱਚੋਂ ਸੱਚਾਈ ਪੜ੍ਹ ਲੈਂਦੀ ਹੈ। ਇਸੇ ਲਈ ਕਿਸੇ ਨਾਲ ਗੱਲ ਕਰਦੇ ਸਮੇਂ ਨਿਰਾ ਦੂਸਰੇ ਦੀਆਂ ਗੱਲਾਂ ਹੀ ਨਹੀਂ ਸੁਨਣੀਆਂ ਚਾਹੀਦੀਆਂ ਸਗੋਂ ਉਸ ਦੀਆਂ ਅੱਖਾਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਤੁਹਾਡੀ ਗੱਲ ਕਿਤਨੇ ਕੁ ਧਿਆਨ ਨਾਲ ਸੁਣੀ ਜਾ ਰਹੀ ਹੈ ਜਾਂ ਦੂਸਰਾ ਤੁਹਾਡੀ ਗੱਲ ਕਿਤਨੀ ਕੁ ਦਿਲਚਸਪੀ ਲੈ ਰਿਹਾ ਹੈ। ਜੇਕਰ ਉਸ ਦੀਆਂ ਪੁਤਲੀਆਂ ਖੁੱਲ੍ਹੀਆਂ ਹਨ ਤਾਂ ਸਮਝੋ ਉਹ ਤੁਹਾਡੀ ਗੱਲ ਧਿਆਨ ਨਾਲ ਸੁਣ ਰਿਹਾ ਹੈ। ਇਸੇ ਤਰ੍ਹਾਂ ਅੱਖਾਂ ਤੋਂ ਇਹ ਵੀ ਪ੍ਰਗਟ ਹੋ ਜਾਂਦਾ ਹੈ ਕਿ ਉਹ ਤੁਹਾਡੇ ਵਿਚਾਰਾਂ ਨੂੰ ਕਿੱਥੋਂ ਤੀਕ ਕਬੂਲ ਰਿਹਾ ਹੈ ? ਕਈ ਵੇਰ ਉਪਚਾਰਿਕਤਾ ਵਸ ਐਵੇਂ ਹੀ ਵਿਚਾਰਾਂ ਨੂੰ ਸਵੀਕਾਰੇ ਬਿਨਾਂ ਵੀ ਹਾਮੀ ਭਰੀ ਜਾਂਦੀ ਹੈ। ਇਸੇ ਲਈ ਅਰਬੀ ਲੋਕ ਸੌਦੇਬਾਜ਼ੀ ਕਰਦੇ ਸਮੇਂ ਜਾਂ ਕਿਸੇ ਗੰਭੀਰ ਮਸਲੇ ਨੂੰ ਵਿਚਾਰਦੇ ਸਮੇਂ ਆਪਣੀਆਂ ਅੱਖਾਂ ਉੱਤੇ ਰੰਗੀਨ ਐਨਕਾਂ ਲਾ ਲੈਂਦੇ ਹਨ ਤਾਂ ਜੋ ਦੂਸਰਾ ਅੱਖਾਂ ਵਿੱਚੋਂ ਸੱਚਾਈ ਤਾੜ ਨਾ ਲਵੇ। ਚੁਸਤ ਸੌਦੇਬਾਜ਼ ਵੀ ਰੰਗੀਨ ਐਨਕਾਂ ਦੀ ਵਰਤੋਂ ਕਰਦੇ ਹਨ। ਲੜਾਈ ਝਗੜੇ ਸਮੇਂ ਵੀ ਚਲਾਕ ਦੁਸ਼ਮਣ ਅੱਖਾਂ ਤੋਂ ਹੀ ਤਾੜ ਲੈਂਦਾ ਹੈ ਕਿ ਅੱਗੇ ਕਿਤਨੀ ਕੁ ਦਲੇਰੀ ਵਾਲਾ ਬੰਦਾ ਹੈ।

## ਮਨ ਦਾ ਦਰਪਣ

ਅੱਖਾਂ ਮਨ ਦਾ ਦਰਪਣ ਹੁੰਦੀਆਂ ਹਨ। ਜੇਕਰ ਕਿਸੇ ਨੂੰ ਅੱਖਾਂ ਦੀ ਭਾਸ਼ਾ ਪੜ੍ਹਨ ਦੀ ਜਾਚ ਆਉਂਦੀ ਹੋਵੇ ਤਾਂ ਉਹ ਹਰੇਕ ਦੇ ਅੰਦਰ ਝਾਤੀ ਮਾਰ ਸਕਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਕਿਸੇ ਤੇ ਮਨ ਵਿਚ ਕੀ ਹੈ ? ਇਹ ਜਾਨਣਾ ਬੜਾ ਔਖਾ ਹੁੰਦਾ ਹੈ ਪਰ ਅੱਖਾਂ ਤੋਂ ਮਨ ਦੀਆਂ ਭਾਵਨਾਵਾਂ ਨੂੰ ਵੇਖਿਆ ਜਾ ਸਕਦਾ ਹੈ ਅਤੇ ਅੰਦਰਲੇ ਭੇਤ ਨੂੰ ਜਾਣਿਆ ਜਾ ਸਕਦਾ ਹੈ। ਬੱਚੇ ਦਾ ਮਾਸੂਮੀਅਤ ਦੇ ਅਸਲੀ ਦਰਸ਼ਨ ਤਾਂ ਉਸ ਦੀਆਂ ਅੱਖਾਂ ਵਿੱਚੋਂ ਹੀ ਹੁੰਦੇ ਹਨ। ਮਾਂ ਦੀ ਮਮਤਾ ਦਾ ਸਾਗਰ ਉਸ ਦੀਆਂ ਅੱਖਾਂ ਵਿੱਚੋਂ ਹੀ ਝਲਕਦਾ ਹੈ। ਗੁੱਸੇ ਦੀ ਅੱਗ ਵੀ ਅੱਖਾਂ ਰਾਹੀਂ ਵਰ੍ਹਦੀ ਹੈ ਅਤੇ ਬੇਬਸੀ ਦੇ ਹੰਝੂ ਵੀ ਅੱਖਾਂ ਹੀ ਵਗਾਂਦੀਆਂ ਹਨ। ਮਨੁੱਖ ਦੇ ਦੁੱਖ ਅਤੇ ਖੁਸ਼ੀ ਦੀ ਅਥਾਹ ਵੀ ਅੱਖਾਂ ਤੋਂ ਹੀ ਨਾਪੀ ਜਾ ਸਕਦੀ ਹੈ। ਅੱਖਾਂ ਰਾਹੀਂ ਪ੍ਰਾਪਤ ਨਸ਼ੇ ਦਾ ਸਰੂਰ ਸਾਰਿਆਂ ਨਸ਼ਿਆਂ ਨਾਲੋਂ ਅਨੋਖਾ ਅਤੇ ਚਿਰ ਸਥਾਈ ਹੁੰਦੀ ਹੈ। ਜਦੋਂ ਅੱਖਾਂ ਵਿਚ ਪ੍ਰਾਪਤੀ ਦੀ ਖੁਮਾਰੀ ਚੜ੍ਹੀ ਹੋਵੇ ਤਾਂ ਸਾਰਾ ਚੌਗਿਰਦਾ ਹੀ ਖੁਸ਼ਗਵਾਰ ਅਤੇ ਮਹਿਕਿਆ ਜਾਪਦਾ ਹੈ। ਇਸੇ ਤਰ੍ਹਾਂ ਜਦੋਂ ਦਿਲ ਦਾ ਦਰਦ ਅੱਖਾਂ ਵਿਚ ਆ ਜਾਵੇ ਤਾਂ ਸਾਰੇ ਪਾਸੇ ਉਦਾਸੀ ਅਤੇ ਪਤਝੜ ਹੀ ਨਜ਼ਰ ਆਉਂਦੀ ਹੈ। ਸਰੂਰੀਆਂ ਅੱਖਾਂ ਨੂੰ ਪਤਝੜ ਵਿਚ ਵੀ ਫੁੱਲ ਖਿੜੇ ਨਜ਼ਰ ਆਉਂਦੇ ਹਨ।

ਅੱਖਾਂ ਪ੍ਰਮਾਤਮਾ ਵੱਲੋਂ ਬਖਸ਼ੀ ਸਭ ਤੋਂ ਅਨਮੋਲ ਦਾਤ ਹੈ। ਇਨ੍ਹਾਂ ਨੈਣਾਂ ਨੂੰ ਅਜਿਹਾ ਸ਼ਿੰਗਾਰ ਕੇ ਰੱਖੋ ਕਿ ਇਨ੍ਹਾਂ ਵਿੱਚੋਂ ਹਮੇਸ਼ਾਂ ਪਿਆਰ, ਦਯਾ ਅਤੇ ਖੁਸ਼ੀ ਝਲਕੇ। ਇਨ੍ਹਾਂ ਨੂੰ ਕਦੇ ਵੀ ਗੁੱਸੇ ਦੇ ਅੰਗਿਆਰ ਜਾਂ ਬੇਬਸੀ ਦੀ ਤਸਵੀਰ ਨਹੀਂ ਬਣਨ ਦੇਣਾ ਚਾਹੀਦਾ। ਅੱਖਾਂ ਵਿੱਚੋਂ ਸਵੈ ਵਿਸ਼ਵਾਸ, ਖੁਸ਼ੀ ਅਤੇ ਆਸ਼ਾ ਦੇ ਦਰਸ਼ਨ ਹੋਣੇ ਚਾਹੀਦੇ ਹਨ। ਜਿਹੜਾ ਵੀ ਇਨ੍ਹਾਂ ਵਲ ਵੇਖੇ, ਵੇਖਦਾ ਰਹਿ ਜਾਵੇ ਅਤੇ ਚੁੰਬਕ ਵਾਂਗ ਖਿੱਚਿਆ ਤੁਰਿਆ ਆਵੇ। ਫਿਰ ਵੇਖਣਾ ਸਾਰਾ ਸੰਸਾਰ ਹੀ ਆਪਣਾ ਜਾਪਣ ਲੱਗ ਪਵੇਗੀ, ਪਤਝੜ ਵੀ ਬਾਹਰ ਵਿਚ ਬਦਲ ਜਾਵੇਗੀ, ਸਫਲਤਾ ਹਮੇਸ਼ਾਂ ਕਦਮ ਚੁੰਮੇਗੀ, ਬੇਬਸੀ ਅਤੇ ਲਾਚਾਰੀ ਹਮੇਸ਼ਾਂ ਲਈ ਦੂਰ ਹੋ ਜਾਵੇਗੀ। ਕਦੇ ਵੀ ਕਿਸੇ ਵਲ ਬੁਰੀ ਨਜ਼ਰ ਨਾਲ ਨਾ ਵੇਖੋ। ਜੇਕਰ ਸਾਰੇ ਇਸ ਸੱਚ ਦੇ ਧਾਰਨੀ ਹੋ ਜਾਣ ਫਿਰ ਨਜ਼ਰ-ਵੱਟੂਆਂ ਦੀ ਲੋੜ ਨਹੀਂ ਰਹੇਗੀ, ਸਗੋਂ ਨਜ਼ਰਾਂ 'ਚੋਂ ਡੁੱਲ੍ਹਦੀ ਪ੍ਰਸੰਸਾ ਦੀ ਭਾਲ ਸ਼ੁਰੂ ਹੋ ਜਾਵੇਗੀ।

## ਮਨੁੱਖੀ ਸ਼ਖਸੀਅਤ

ਅੱਖਾਂ ਮਨੁੱਖੀ ਸ਼ਖਸੀਅਤ ਦਾ ਸਭ ਤੋਂ ਵੱਧ ਤੇ ਸਹੀ ਪ੍ਰਗਟਾਵਾ ਕਰਦੀਆਂ ਹਨ। ਜਿੱਥੇ ਸੁੰਦਰ ਅੱਖਾਂ ਇਨਸਾਨ ਦੀ ਬਾਹਰੀ ਦਿਖ ਨੂੰ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ ਉੱਥੇ ਸ਼ਖਸੀਅਤ ਦੀ ਬੁਲੰਦੀ ਦਾ ਵੀ ਵਿਖਾਵਾ ਕਰਦੀਆਂ ਹਨ। ਅੱਖਾਂ ਦੀ ਤਾਕਤ ਨਾਲ ਜਿਸ ਤਰ੍ਹਾਂ ਦੂਜਿਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ ਸ਼ਾਇਦ ਅਜਿਹਾ ਹੋਰ ਕਿਸੇ ਵੀ ਤਾਕਤ ਨਾਲ ਨਹੀਂ ਹੋ ਸਕਦਾ। ਅੱਖਾਂ ਤੋਂ ਵੱਡੀ ਸ਼ਕਤੀ ਸੰਸਾਰ ਵਿਚ ਸ਼ਾਇਦ ਹੋਰ ਕੋਈ ਹੈ ਹੀ ਨਹੀਂ। ਜਿਹੜੇ ਮਨੁੱਖਾਂ ਵਿਚ ਸਵੈ ਭਰੋਸਾ ਹੁੰਦਾ ਹੈ, ਜਿਨ੍ਹਾਂ ਪੱਲੇ ਸੱਚ ਹੁੰਦਾ ਹੈ ਅਤੇ ਜਿਨ੍ਹਾਂ ਦਾ ਸਾਰੀ ਮਨੁੱਖਤਾ ਨਾਲ ਪਿਆਰ ਹੁੰਦਾ ਹੈ, ਉਨ੍ਹਾਂ ਦੀਆਂ ਅੱਖਾਂ ਵਿੱਚ ਲਿਸ਼ਕ ਹੁੰਦੀ ਹੈ ਅਤੇ ਪਿਆਰ ਟਪਕਦਾ ਹੈ। ਉਨ੍ਹਾਂ ਦੀ ਇਕ ਨਜ਼ਰ ਹੀ ਝੂਠ ਨੂੰ ਪੈਰੋਂ ਕੱਢ ਦਿੰਦੀ ਹੈ। ਸੌਦੇਬਾਜ਼ੀ ਸਮੇਂ ਜਾਂ ਇੰਟਰਵਿਊ ਸਮੇਂ ਅੱਖਾਂ ਦੀ ਭਾਸ਼ਾ ਪੜ੍ਹਨ ਦੇ ਮਾਹਿਰ ਹੁੰਦੇ ਹਨ ਉਹ ਹਮੇਸ਼ਾਂ ਲਾਭਕਾਰੀ ਸੌਦਾ ਹੀ ਕਰਦੇ ਹਨ। ਇਸੇ ਹੀ ਤਰ੍ਹਾਂ ਕਿਸੇ ਵੀ ਇੰਟਰਵਿਊ ਵਿਚ ਸਫਲਤਾ ਅੱਖਾਂ ਉੱਤੇ ਨਿਰਭਰ ਕਰਦੀ ਹੈ।

ਸਵਾਲ ਪੁੱਛਣ ਵਾਲੇ ਮਾਹਿਰ ਅੱਖਾਂ ਤੋਂ ਹੀ ਉਮੀਦਵਾਰ ਦੇ ਸਵੈ-ਵਿਸ਼ਵਾਸ, ਗਿਆਨ ਅਤੇ ਕਾਬਲੀਅਤ ਦਾ ਅੰਦਾਜ਼ਾ ਲਗਾ ਲੈਂਦੇ ਹਨ। ਖੇਡਾਂ ਵਿਚ ਸਫਲਤਾ ਲਈ ਵੀ ਅੱਖਾਂ ਦੀ ਭਾਸ਼ਾ ਪੜ੍ਹਨ ਦਾ ਗਿਆਨ ਸਹਾਈ ਹੁੰਦਾ ਹੈ। ਵਿਸ਼ੇਸ਼ ਕਰਕੇ ਉਨ੍ਹਾਂ ਖੇਡਾਂ ਵਿਚ ਜਿੱਥੇ ਖਿਡਾਰੀ ਆਹਮੋ ਸਾਹਮਣੇ ਹੋ ਕੇ ਖੇਡਦੇ ਹਨ, ਉੱਥੇ ਆਪਣੇ ਵਿਰੋਧੀ ਦੀਆਂ ਚਾਲਾਂ ਬਾਰੇ ਉਸ ਦੀਆਂ ਅੱਖਾਂ ਵਿੱਚੋਂ ਵੇਖਿਆ ਜਾ ਸਕਦਾ ਹੈ। ਗੁਰੂਆਂ, ਪੀਰਾਂ, ਪੈਗੰਬਰਾਂ ਨੇ ਆਪਣੀਆਂ ਅੱਖਾਂ ਦੀ ਸ਼ਕਤੀ ਨਾਲ ਹੀ ਸੱਚ ਦੀ ਜੋਤ ਜਗਾਈ ਸੀ ਅਤੇ ਕੁਰਾਹੀਆਂ ਨੂੰ ਰਾਹੇ ਪਾਇਆ ਸੀ। ਉਨ੍ਹਾਂ ਅੱਗੇ ਝੂਠ ਟਿਕ ਹੀ ਨਹੀਂ ਸਕਦਾ ਕਿਉਂਕਿ ਉਨ੍ਹਾਂ ਦੀ ਅੱਖਾਂ ਵਿੱਚੋਂ ਪੈ ਰਹੀ ਸੱਚ ਦੀ ਲਿਸ਼ਕ ਦਾ ਮੁਕਾਬਲਾ ਝੂਠ ਕਰ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਵੀ ਬਾਰੇ ਇਸੇ ਲਈ ਕਿਸੇ ਕਵੀ ਨੇ ਆਖਿਆ ਹੈ :

ਭਰੀ ਹੱਕ ਦੀ ਵੇਖ ਨਿਗਾਹ ਤੇਰੀ
ਲਹੂ ਦੁੱਧ ਵਗਾਂਦੀਆਂ ਰੋਟੀਆਂ ਸਨ।

# ਬਰਸੀਮ ਦੇ ਤਣੇ ਦੇ ਗਾਲ਼ੇ ਦਾ ਰੋਗ ਤੇ ਇਸ ਦੀ ਰੋਕਥਾਮ

**ਬਰਸੀਮ ਦੇ ਤਣੇ ਦਾ ਗਾਲਾ ਇਕ ਭਿਆਨਕ ਬਿਮਾਰੀ ਹੈ, ਜੋ ਚਾਰੇ ਦਾ ਝਾੜ ਘਟਾਉਣ ਦੇ ਨਾਲ-ਨਾਲ ਇਸ ਦੀ ਗੁਣਵੱਤਾ 'ਤੇ ਵੀ ਮਾੜਾ ਅਸਰ ਪਾਉਂਦੀ ਹੈ।**

ਬਰਸੀਮ ਹਰੇ ਚਾਰੇ ਦੀ ਇਕ ਮੁੱਖ ਫਸਲ ਹੈ। ਪੰਜਾਬ 'ਚ ਇਸ ਦੀ ਕਾਸ਼ਤ ਲਗਭਗ 2.25 ਲੱਖ ਹੈਕਟੇਅਰ 'ਚ ਕੀਤੀ ਜਾਂਦੀ ਹੈ, ਜੋਕਿ ਬਹੁਤ ਹੀ ਘੱਟ ਹੈ। ਇਕ ਵੱਡੇ ਪਸ਼ੂ ਲਈ ਪ੍ਰਤੀ ਦਿਨ 40 ਕਿਲੋ ਹਰੇ ਚਾਰੇ ਦੀ ਜ਼ਰੂਰਤ ਹੁੰਦੀ ਹੈ, ਪਰ ਤਕਰੀਬਨ 15 ਕਿਲੋ ਚਾਰਾ ਹੀ ਪ੍ਰਤੀ ਪਸ਼ੂ ਨੂੰ ਪ੍ਰਤੀ ਦਿਨ ਮਿਲਦਾ ਹੈ, ਜੋ ਕਿ ਲੋੜ ਮੁਤਾਬਿਕ ਬਹੁਤ ਹੀ ਘੱਟ ਹੈ। ਇਸ ਲੋੜ ਦੀ ਪੂਰਤੀ ਤਾਂ ਹੀ ਕੀਤੀ ਜਾ ਸਕਦੀ ਹੈ, ਜੇਕਰ ਬਰਸੀਮ ਦਾ ਪ੍ਰਤੀ ਏਕੜ ਝਾੜ ਅਤੇ ਰਕਬੇ ਨੂੰ ਵਧਾਇਆ ਜਾਏ। ਬਰਸੀਮ ਦੇ ਘੱਟ ਝਾੜ ਦਾ ਕਾਰਨ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਵੀ ਹੈ। ਬਰਸੀਮ ਦੇ ਤਣੇ ਦਾ ਗਾਲਾ ਇਕ ਭਿਆਨਕ ਬਿਮਾਰੀ ਹੈ, ਜੋ ਚਾਰੇ ਦਾ ਝਾੜ ਘਟਾਉਣ ਦੇ ਨਾਲ-ਨਾਲ ਇਸ ਦੀ ਗੁਣਵੱਤਾ 'ਤੇ ਵੀ ਮਾੜਾ ਅਸਰ ਪਾਉਂਦੀ ਹੈ। ਇਸ ਲਈ ਬਰਸੀਮ ਦੇ ਚੰਗੇ ਝਾੜ ਲਈ ਇਸ ਦੇ ਹਮਲੇ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੀ ਸਹੀ ਜਾਣਕਾਰੀ ਦੀ ਬਹੁਤ ਲੋੜ ਹੈ।

## ਬਿਮਾਰੀ ਦੀ ਨਿਸ਼ਾਨੀਆਂ



ਇਹ ਬਰਸੀਮ ਦੀ ਪ੍ਰਮੁੱਖ ਤੇ ਗੰਭੀਰ ਬਿਮਾਰੀ ਹੈ, ਜੋ ਇਕ ਉੱਲੀ (ਸਕਲੀਰੋਟੀਨੀਆਂ ਸਕਲੀਰੋਸ਼ਿਅਮ) ਕਰਕੇ ਹੁੰਦਾ ਹੈ। ਇਸ ਬਿਮਾਰੀ ਦਾ ਅੰਸ਼ 'ਮਘਰੋੜੀਆਂ ਕਾਲੇ ਰੰਗ ਦੀਆਂ' ਬਰਸੀਮ ਵਾਲੇ ਖੇਤਾਂ 'ਚ ਹੀ ਜਿਉਂਦੀਆਂ ਰਹਿੰਦੀਆਂ ਹਨ। ਇਸ ਉੱਲੀ ਦੇ ਬੀਜਾਣੂ ਬੀਜ ਰਾਹੀਂ ਜਾਂ ਫਿਰ ਮਿੱਟੀ 'ਚ ਰਹਿ ਕੇ, ਫਸਲ ਉੱਪਰ ਹਮਲਾ ਕਰਦੇ ਹਨ। ਜਨਵਰੀ-ਫਰਵਰੀ ਮਹੀਨੇ ਫਸਲ 'ਤੇ ਧੌੜੀਆਂ 'ਚ ਇਸ ਬਿਮਾਰੀ ਦਾ ਹੱਲਾ ਨਜ਼ਰ ਆਉਂਦਾ ਹੈ। ਇਸ ਦੇ ਹਮਲੇ ਨਾਲ ਤਣਾ ਧਰਤੀ ਦੇ ਨੇੜੇ ਤੋਂ ਗਲ ਜਾਂਦਾ ਹੈ। ਹਮਲੇ ਵਾਲੀਆਂ ਥਾਵਾਂ 'ਤੇ ਧਰਤੀ ਉੱਪਰ ਉੱਲੀ ਦਾ ਚਿੱਟਾ ਰੇਸ਼ਾ ਇਕੱਠਾ ਹੋ ਜਾਂਦਾ ਹੈ। ਸਭ ਤੋਂ ਪਹਿਲਾ ਹਮਲਾ ਥੋੜ੍ਹੀਆਂ ਥਾਵਾਂ 'ਤੇ ਹੁੰਦਾ ਹੈ, ਜੋ ਬਾਅਦ 'ਚ ਵਧਦਾ ਜਾਂਦਾ ਹੈ। ਬਿਮਾਰੀ ਵਾਲੇ ਬੂਟੇ ਸੁੱਕ ਜਾਂਦੇ ਹਨ। ਇਸ ਦੇ ਬੀਜਾਣੂੰ ਜਾਂ ਮਘਰੋੜੀਆਂ ਬਰਸੀਮ ਦੇ ਬੀਜ 'ਚ ਰਲੀਆਂ ਹੁੰਦੀਆਂ ਹਨ। ਵਧੇਰੇ ਸਿਲ੍ਹ ਵਾਲਾ ਮੌਸਮ ਅਤੇ ਘੱਟ ਤਾਪਮਾਨ 'ਚ ਬਿਮਾਰੀ ਦਾ ਹੱਲਾ ਹੋਰ ਵੀ ਵੱਧ ਜਾਂਦਾ ਹੈ। ਸੰਘਣੀ ਅਤੇ ਭਾਰੀ ਫਸਲ ਤੇ ਬਿਮਾਰੀ ਜ਼ਿਆਦਾ ਵਧਦੀ ਹੈ। ਨਵੰਬਰ ਮਹੀਨੇ 'ਚ ਬੀਜੀ ਫਸਲ ਦੇ ਮੁਕਾਬਲੇ ਸਤੰਬਰ ਵਾਲੀ ਫਸਲ 'ਤੇ ਬਿਮਾਰੀ ਜ਼ਿਆਦਾ ਆਉਂਦੀ ਹੈ।

## ਬਿਮਾਰੀ ਦੀ ਰੋਕਥਾਮ

1. ਇਸ ਤੋਂ ਬਚਾਅ ਲਈ ਬੀਜ ਕੇਵਲ ਰੋਗ ਰਹਿਤ ਫਸਲ ਤੋਂ ਹੀ ਲੈਣਾ ਚਾਹੀਦਾ ਹੈ।
2. ਫਸਲ ਨੂੰ ਬਿਮਾਰੀ ਲੱਗ ਜਾਵੇ ਤਾਂ ਫਸਲ ਨੂੰ ਕੱਟ ਲੈਣਾ ਚਾਹੀਦਾ ਹੈ, ਤਾਂ ਜੋ ਖੇਤ ਦੇ ਮੁੱਢਾਂ ਨੂੰ ਧੁੱਪ ਲੱਗ ਸਕੇ। ਧੁੱਪ 'ਚ ਬਿਮਾਰੀ ਦੇ ਜੀਵਾਣੂੰ ਨਸ਼ਟ ਹੋ ਜਾਂਦੇ ਹਨ।
3. ਜਿਹੜੇ ਖੇਤਾਂ 'ਚ ਬਿਮਾਰੀ ਦਾ ਹਮਲਾ ਹੁੰਦਾ ਹੋਵੇ, ਉਨ੍ਹਾਂ 'ਚ ਮਈ-ਜੂਨ ਦੇ ਮਹੀਨੇ ਭਰਵਾਂ ਪਾਣੀ ਲਗਾ ਦਿਓ ਤਾਂ ਜੋ ਉੱਲੀ ਦੀਆਂ ਮਘਰੋੜੀਆਂ ਨਸ਼ਟ ਹੋ ਜਾਣ।
4. ਜਿਹੜੇ ਖੇਤਾਂ 'ਚ ਬਿਮਾਰੀ ਦਾ ਗੰਭੀਰ ਹਮਲਾ ਹੁੰਦਾ ਹੋਵੇ, ਉੱਥੇ 3-4 ਸਾਲ ਤੱਕ ਬਰਸੀਮ ਦੀ ਫਸਲ ਨਹੀਂ ਬੀਜਣੀ ਚਾਹੀਦੀ।
5. ਯੂਰੀਆ ਖਾਦ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ।

**- ਅਮਰਜੀਤ ਸਿੰਘ ਅਤੇ ਪਰਮਿੰਦਰ ਕੌਰ, ਪੌਦਾ ਰੋਗ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ।**


ਹਾਲ ਹੀ ਦੇ ਸਾਲਾਂ ਵਿਚ, ਬਸੰਤ ਰੁੱਤ ਦੀ ਮੱਕੀ ਨੇ ਕਿਸਾਨਾਂ, ਖਾਸ ਕਰਕੇ ਆਲੂ ਅਤੇ ਮਟਰ ਉਤਪਾਦਕਾਂ, ਵਿਚ ਪ੍ਰਮੁੱਖਤਾ ਪ੍ਰਾਪਤ ਕੀਤੀ ਹੈ । ਅਨੁਕੂਲ ਮੌਸਮੀ ਸਥਿਤੀਆਂ ਜਿਵੇਂ ਕਿ ਫਰਵਰੀ-ਮਾਰਚ ਦੌਰਾਨ ਘੱਟ ਤਾਪਮਾਨ, ਲੰਬਾ ਫਸਲੀ ਸਮਾਂ (120-130 ਦਿਨ) ਨਦੀਨਾਂ ਦਾ ਘੱਟ ਦਬਾਅ ਅਤੇ ਪ੍ਰਭਾਵਸ਼ਾਲੀ ਕੀਟ ਪ੍ਰਬੰਧਨ ਦੇ ਨਤੀਜੇ ਵਜੋਂ, ਬਸੰਤ ਰੁੱਤ ਦੀ ਮੱਕੀ ਰਵਾਇਤੀ ਸਾਉਣੀ ਮੱਕੀ ਨਾਲੋਂ ਜ਼ਿਆਦਾ ਝਾੜ ਅਤੇ ਵਧੇਰੇ ਮੁਨਾਫਾ ਦਿੰਦੀ ਹੈ । ਇਸ ਨਾਲ ਪੰਜਾਬ ਵਿਚ ਇਕ ਨਵੇਂ ਫਸਲ ਚੱਕਰ ਦਾ ਜਨਮ ਹੋਇਆ ਹੈ-ਆਲੂ/ਮਟਰ-ਬਸੰਤ ਰੁੱਤੀ ਮੱਕੀ-ਝੋਨਾ । ਬਸੰਤ ਰੁੱਤ ਦੀ ਮੱਕੀ ਜੋ ਕਿ ਆਰਥਿਕ ਪੱਖੋਂ ਲਾਹੇਵੰਦ ਹੈ, ਪ੍ਰੰਤੂ ਇਸ ਨੂੰ 15 ਤੋਂ 18 ਸਿੰਚਾਈਆਂ ਦੀ ਲੋੜ ਪੈਂਦੀ ਹੈ ਜੋ ਕਿ ਪੰਜਾਬ ਵਿਚ ਪਹਿਲਾਂ ਹੀ ਚਿੰਤਾਜਨਕ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਹੋਰ ਵਧਾ ਸਕਦਾ ਹੈ ।



# ਪੰਜਾਬ ਵਿੱਚ ਮੱਕੀ ਦੀ ਕਾਸ਼ਤ ਲਈ ਦਿਸ਼ਾ ਨਿਰਦੇਸ਼

**ਸੁਰਿੰਦਰ ਸੰਧੂ ਅਤੇ ਅਜਮੇਰ ਸਿੰਘ ਢੱਟ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 81462-38432)**

ਪੰਜਾਬ ਨੇ ਹਮੇਸ਼ਾ ਮੱਕੀ ਨੂੰ ਆਪਣੇ ਖੇਤੀਬਾੜੀ ਵਿਰਸੇ ਦੇ ਰੂਪ ਵਿਚ ਪਛਾਣਿਆ ਹੈ, ਜਿਸ ਦਾ ਪ੍ਰਤੀਕ ਸਾਡਾ ਵਿਰਾਸਤੀ ਖਾਣਾ ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ ਹੈ । ਇਤਿਹਾਸਕ ਰੂਪ ਵਿਚ, ਸਾਉਣੀ ਰੁੱਤ ਦੀ ਮੱਕੀ (ਜੋ ਮਈ ਦੇ ਅਖੀਰ ਤੋਂ ਜੂਨ ਤੱਕ ਬੀਜੀ ਜਾਂਦੀ ਹੈ) ਪੰਜਾਬ ਵਿਚ ਇਕ ਪ੍ਰਮੁੱਖ ਫਸਲ ਸੀ, ਜਿਸਨੂੰ 1960-61 ਵਿਚ 3.72 ਲੱਖ ਹੈਕਟੇਅਰ ਵਿਚ ਉਗਾਇਆ ਗਿਆ ਸੀ ਅਤੇ 1975-76 ਵਿਚ ਇਹ 5.77 ਲੱਖ ਹੈਕਟੇਅਰ ਤੱਕ ਪਹੁੰਚ ਗਈ ਸੀ । ਹਰੀ ਕ੍ਰਾਂਤੀ ਨੇ, ਭਾਰਤ ਨੂੰ ਇੱਕ ਖੁਰਾਕੀ ਪੱਧਰ ਤੇ ਆਤਮ ਨਿਰਭਰ ਰਾਸ਼ਟਰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਪਰ ਇਸ ਦੌਰਾਨ ਮੱਕੀ ਦੀ ਖੇਤੀ ਨੂੰ ਪਿੱਛੇ ਛੱਡ ਦਿੱਤਾ ਗਿਆ ਅਤੇ ਪਾਣੀ ਦੀ ਜ਼ਿਆਦਾ ਖਪਤ ਵਾਲੀ ਝੋਨਾ-ਕਣਕ ਪ੍ਰਣਾਲੀ ਨੂੰ ਤਰਜੀਹ ਦਿੱਤੀ ਗਈ । ਇਸ ਬਦਲਾਅ ਕਰ ਕੇ ਗੰਭੀਰ ਵਾਤਾਵਰਣੀ ਸਮੱਸਿਆਵਾਂ ਪੈਦਾ ਹੋਈਆਂ ਹਨ ਜਿਵੇਂ ਕਿ ਧਰਤੀ ਹੇਠਲੇ ਪਾਣੀ ਦੀ ਕਮੀ, ਮਿੱਟੀ ਦੀ ਗਿਰਾਵਟ, ਪੌਸ਼ਟਿਕ ਅਸੰਤੁਲਨ, ਵਾਤਾਵਰਣ ਪ੍ਰਦੂਸ਼ਣ ਅਤੇ ਫਸਲੀ ਵਿਭਿੰਨਤਾ ਵਿਚ ਗਿਰਾਵਟ । ਜੇਕਰ ਮੱਕੀ ਦੀ ਖੇਤੀ ਵਿਹਾਰ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਭਾਲਣ ਲਈ ਢੁਕਵੀਂ ਕਾਰਵਾਈ ਨਾ ਕੀਤੀ ਗਈ ਤਾਂ ਰਾਜ ਦੀ ਖੇਤੀਬਾੜੀ ਦਾ ਭਵਿੱਖ ਗੰਭੀਰ ਖਤਰਿਆਂ ਦਾ ਸਾਹਮਣਾ ਕਰ ਸਕਦਾ ਹੈ ।



ਹਾਲ ਹੀ ਦੇ ਸਾਲਾਂ ਵਿਚ, ਬਸੰਤ ਰੁੱਤ ਦੀ ਮੱਕੀ ਨੇ ਕਿਸਾਨਾਂ, ਖਾਸ ਕਰਕੇ ਆਲੂ ਅਤੇ ਮਟਰ ਉਤਪਾਦਕਾਂ, ਵਿਚ ਪ੍ਰਮੁੱਖਤਾ ਪ੍ਰਾਪਤ ਕੀਤੀ ਹੈ । ਅਨੁਕੂਲ ਮੌਸਮੀ ਸਥਿਤੀਆਂ ਜਿਵੇਂ ਕਿ ਫਰਵਰੀ-ਮਾਰਚ ਦੌਰਾਨ ਘੱਟ ਤਾਪਮਾਨ, ਲੰਬਾ ਫਸਲੀ ਸਮਾਂ (120-130 ਦਿਨ) ਨਦੀਨਾਂ ਦਾ ਘੱਟ ਦਬਾਅ ਅਤੇ ਪ੍ਰਭਾਵਸ਼ਾਲੀ ਕੀਟ ਪ੍ਰਬੰਧਨ ਦੇ ਨਤੀਜੇ ਵਜੋਂ, ਬਸੰਤ ਰੁੱਤ ਦੀ ਮੱਕੀ ਰਵਾਇਤੀ ਸਾਉਣੀ ਮੱਕੀ ਨਾਲੋਂ ਜ਼ਿਆਦਾ ਝਾੜ ਅਤੇ ਵਧੇਰੇ ਮੁਨਾਫਾ ਦਿੰਦੀ ਹੈ । ਇਸ ਨਾਲ ਪੰਜਾਬ ਵਿਚ ਇਕ ਨਵੇਂ ਫਸਲ ਚੱਕਰ ਦਾ ਜਨਮ ਹੋਇਆ ਹੈ-ਆਲੂ/ਮਟਰ-ਬਸੰਤ ਰੁੱਤੀ ਮੱਕੀ-ਝੋਨਾ । ਬਸੰਤ ਰੁੱਤ ਦੀ ਮੱਕੀ ਜੋ ਕਿ ਆਰਥਿਕ ਪੱਖੋਂ ਲਾਹੇਵੰਦ ਹੈ, ਪ੍ਰੰਤੂ ਇਸਨੂੰ 15 ਤੋਂ 18 ਸਿੰਚਾਈਆਂ ਦੀ ਲੋੜ ਪੈਂਦੀ ਹੈ ਜੋ ਕਿ ਪੰਜਾਬ ਵਿਚ ਪਹਿਲਾਂ ਹੀ ਚਿੰਤਾਜਨਕ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਹੋਰ ਵਧਾ ਸਕਦਾ ਹੈ । ਇਹ ਫਸਲ ਪ੍ਰਣਾਲੀ ਜਿਸ ਵਿਚ ਪਾਣੀ ਦੀ ਖਪਤ ਕਰਨ ਵਾਲੀ ਬਸੰਤ ਰੁੱਤੀ ਮੱਕੀ ਅਤੇ ਉਸ ਤੋਂ ਬਾਅਦ ਪਾਣੀ ਦੀ ਜ਼ਿਆਦਾ ਖਪਤ ਕਰਨ ਵਾਲੀ ਝੋਨੇ ਦੀ ਫਸਲ ਦੇ ਉਭਾਰ ਦੇ ਨਾਲ ਪੰਜਾਬ ਦੀਆਂ ਫਸਲੀ ਵਿਭਿੰਨਤਾ ਯੋਜਨਾਵਾਂ ਤੇ ਜ਼ੋਰਦਾਰ ਅਸਰ ਪੈ ਸਕਦਾ ਹੈ । ਇਕ ਪਸੇ ਪੰਜਾਬ ਰਾਜ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਝੋਨੇ ਹੇਠਲਾ ਰਕਬਾ ਘਟਾਉਣ ਲਈ ਸੰਘਰਸ਼ ਕਰ ਰਿਹਾ ਹੈ ਪਰ ਦੂਜੇ ਪਸੇ ਬਸੰਤ ਰੁੱਤੀ ਮੱਕੀ ਦੀ ਬੇਕਾਬੂ ਵੱਧ ਰਹੀ ਕਾਸ਼ਤ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸੰਕਟ ਤੇ ਰੂਪ ਵਿਚ ਵਧਾ ਰਹੀ ਹੈ ਅਤੇ ਫਸਲੀ ਵਿਭਿੰਨਤਾ ਦੇ ਯਤਨਾਂ ਵਿਚ ਰੁਕਾਵਟ ਪਾ ਰਹੀ ਹੈ । ਇਸ ਸਥਿਤੀ ਵਿਚ ਇਸ ਦੀ ਖੇਤੀ ਨੂੰ ਨਿਯੰਤਰਿਤ ਕਰਨ ਲਈ ਇਕ ਸੁਚੱਜੀ ਯੋਜਨਾ ਦੀ ਲੋੜ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ 20 ਜਨਵਰੀ ਤੋਂ 15 ਫਰਵਰੀ ਤੱਕ ਬਿਜਾਈ ਸਮੇਂ ਅਤੇ ਬਿਜਾਈ ਨੂੰ ਸਿਰਫ ਚੌੜੇ ਬੈੱਡਾਂ ਤੇ ਤੁਪਕਾ ਸਿੰਚਾਈ ਵਿਧੀ ਨਾਲ ਹੀ ਬੀਜਣ ਦੀ ਤਰਜੀਹ ਦਿੱਤੀ ਜਾਂਦੀ ਹੈ । ਤੁਪਕਾ ਸਿੰਚਾਈ ਨਾਲ ਹੋਣ ਵਾਲੇ ਪਾਣੀ ਦੀ ਖਪਤ ਤੋਂ ਥੋੜੀ ਰਾਹਤ ਮਿਲ ਸਕਦੀ ਹੈ । ਇਹਨਾਂ ਉਪਰਾਲਿਆਂ ਦੇ ਬਿਨਾਂ ਬਸੰਤ ਰੁੱਤ ਦੀ ਮੱਕੀ ਪੰਜਾਬ ਦੀ ਕਾਸ਼ਤ ਵਿਆਪਕ ਖੇਤੀ ਸਥਿਰਤਾ ਨੂੰ ਖਤਰੇ ਵਿਚ ਪਾ ਸਕਦੀ ਹੈ ।

ਕਣਕ ਦੀ ਵਾਢੀ ਤੋਂ ਬਾਅਦ ਮੱਧ ਅਪ੍ਰੈਲ ਤੋਂ ਬੀਜੀ ਜਾਣ ਵਾਲੀ ਗਰਮੀਆਂ ਦੀ ਮੱਕੀ ਦੀ ਕਾਸ਼ਤ ਬਸੰਤ ਮੱਕੀ ਨਾਲੋਂ ਵੀ ਜ਼ਿਆਦਾ ਤਬਾਹਕਾਰੀ ਹੈ ਕਿਉਂਕਿ ਇਸ ਨੂੰ ਹੋਰ ਵੀ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ । ਗਰਮੀਆਂ ਦੀ ਮੱਕੀ ਨੂੰ ਵਾਰ ਵਾਰ ਸਿੰਚਾਈ ਦੀ ਲੋੜ ਹੁੰਦੀ ਹੈ ਅਤੇ ਤਕਰੀਬਨ 105 ਤੋਂ 120 ਸੈਂਟੀਮੀਟਰ ਤੱਕ ਪਾਣੀ ਦੀ ਖਪਤ ਹੁੰਦੀ ਹੈ ਜਿਸ ਨਾਲ ਨਾਜ਼ੁਕ ਭੂਮੀਗਤ ਪਾਣੀ ਦੀ ਸਥਿਤੀ ਹੋਰ ਵਿਗੜ ਰਹੀ ਹੈ । ਫਾਲ ਆਰਮੀ ਵਾਰਮ ਅਤੇ ਪਿੰਕ ਸਟੈਮ ਬੋਰਰ ਵਰਗੇ ਕੀੜੇ ਇਸ ਸਥਿਤੀ ਨੂੰ ਹੋਰ ਵਿਗਾੜ ਸਕਦੇ ਹਨ ।

ਪੀ. ਏ. ਯੂ. ਮੱਕੀ ਦੀ ਕਾਸ਼ਤ ਨੂੰ ਨਿਯਮਤ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਜ਼ੋਰ ਦਿੰਦਾ ਹੈ । ਬਸੰਤ ਰੁੱਤ ਦੀ ਮੱਕੀ ਨੂੰ ਸਹੀ ਸਮੇਂ ਤੇ ਬੈੱਡਾਂ ਉੱਪਰ ਤੁਪਕਾ ਵਿਧੀ ਅਪਣਾ ਕੇ ਹੀ ਖੇਤੀ ਦੀ ਆਗਿਆ ਮਿਲਣੀ ਚਾਹੀਦੀ ਹੈ ਅਤੇ ਗਰਮੀ ਰੁੱਤ ਦੀ ਮੱਕੀ (ਕਣਕ ਵੱਢ ਕੇ ਬੀਜਣ) ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦੇਣੀ ਚਾਹੀਦੀ ਹੈ । ਜੇਕਰ ਇਹ ਫਸਲੀ ਚੱਕਰ ਇਸੇ ਤਰ੍ਹਾਂ ਬਿਨਾਂ ਕਿਸੇ ਨਿਯੰਤਰਣ ਤੋਂ ਚੱਲਦਾ ਰਿਹਾ ਤਾਂ ਪੰਜਾਬ ਰਾਜ ਦਾ ਉੱਭਰਦਾ ਹੇਠਲਾ ਪਾਣੀ ਦੀ ਸੰਕਟ ਵਿਚ ਹੋਰ ਵੀ ਗਹਿਣ ਹੋ ਸਕਦਾ ਹੈ ਅਤੇ ਉਤਪਾਦਨ ਲਾਗਤਾਂ ਵਿਚ ਇਜਾਫਾ ਅਤੇ ਰਾਜ ਭਾਰ ਵਿਚ ਫਸਲ ਪ੍ਰਣਾਲੀ ਦੀ ਅਸਥਿਰਤਾ ਹੋ ਸਕਦੀ ਹੈ ।

ਪੰਜਾਬ ਖੇਤੀ ਅੱਜ ਅਹਿਮ ਮੋੜ ਤੇ ਹੈ ਜਿੱਥੇ ਸਾਨੂੰ ਖੇਤੀ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਮੱਕੀ ਦੀ ਕਾਸ਼ਤ ਲਈ ਸਖਤ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨਾ ਲਾਜ਼ਮੀ ਹੈ । ਖੇਤੀਬਾੜੀ ਦੀ ਸਥਿਰਤਾ ਅਤੇ ਆਰਥਿਕ ਵਿਹਾਰਕਤਾ ਲਈ ਫਸਲੀ ਵਿਭਿੰਨਤਾ ਦੇ ਅਭਿਆਨ ਨੂੰ ਸਫਲਪੂਰਵਕ ਲਾਗੂ ਕਰਨ ਲਈ ਝੋਨੇ ਹੇਠੋਂ ਕੁਝ ਰਕਬਾ ਸਾਉਣੀ ਰੁੱਤ ਦੀਆਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਦੇ ਥੱਲੇ ਲਿਆਉਣਾ ਲਾਜ਼ਮੀ ਹੈ ਜਿਸ ਵਿਚ ਸਾਉਣੀ ਮੱਕੀ ਨੂੰ ਇਕ ਢੁਕਵੇਂ ਬਦਲ ਵਜੋਂ ਵਰਤਿਆ ਜਾ ਸਕਦਾ ਹੈ । ਮੱਕੀ ਨੂੰ ਝੋਨੇ ਨਾਲੋਂ ਇਕ ਤਿਹਾਈ ਪਾਣੀ ਅਤੇ ਗੰਨੇ ਨਾਲੋਂ ਇਕ ਚੌਥਾਈ ਪਾਣੀ ਲੋੜ ਹੁੰਦੀ ਹੈ । ਮੱਕੀ ਦੀ ਫਸਲ ਝੋਨੇ ਨਾਲ ਘੱਟ ਮਿਆਦ (ਝੋਨੇ ਦੀ 120 ਦਿਨਾਂ ਦੇ ਮੁਕਾਬਲੇ 95-100 ਦਿਨ) ਲੈਂਦੀ ਹੈ । ਇਕ ਕਿਲੋਗ੍ਰਾਮ ਮੱਕੀ ਪੈਦਾ ਕਰਨ ਲਈ 800-1000 ਲੀਟਰ ਪਾਣੀ ਦੀ ਖਪਤ ਹੁੰਦੀ ਹੈ, ਜਦੋਂ ਕਿ ਝੋਨੇ 3000-3,500 ਲੀਟਰ ਪ੍ਰਤੀ ਕਿਲੋਗ੍ਰਾਮ ਦੀ ਮੰਗ ਕਰਦਾ ਹੈ । ਇਸ ਤੋਂ ਇਲਾਵਾ, ਮੱਕੀ ਦੀ ਰਹਿੰਦ ਖੂੰਹਦ, ਝੋਨੇ ਦੇ ਮੁਕਾਬਲੇ ਉੱਚੇ ਕਾਰਬਨ ਤੋਂ ਨਾਈਟ੍ਰੋਜਨ ਅਨੁਪਾਤ ਦੇ ਨਾਲ ਤੇਜ਼ੀ ਨਾਲ ਸੜਦੀ ਹੈ ਅਤੇ ਮੱਕੀ ਦੇ ਜੈਵਿਕ ਕਾਰਬਨ ਨੂੰ ਭਰਪੂਰ ਬਣਾਉਂਦੀ ਹੈ, ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਦੀ ਹੈ ਅਤੇ ਕਾਰਬਨ ਕ੍ਰੈਡਿਟ ਪੈਦਾ ਕਰਨ ਵਿਚ ਸਹਾਇਤਾ ਕਰਦੀ ਹੈ ।

ਹਾਲਾਂਕਿ, ਮੁੱਖ ਚੁਣੌਤੀਆਂ ਜਿਵੇਂ ਕਿ ਮੱਕੀ ਦੀ ਘੱਟੋ ਘੱਟ ਸਮਰਥਨ ਮੁੱਲ ਤੋਂ ਹੇਠਾਂ ਖਰੀਦ ਅਤੇ ਝੋਨੇ ਦੇ ਮੁਕਾਬਲੇ ਘੱਟ ਝਾੜ ਸਾਉਣੀ ਮੱਕੀ ਦੀ ਕਾਸ਼ ਤ ਨੂੰ ਵੱਡੇ ਪੱਧਰ ਵਿਚ ਅਪਨਾਉਣ ਲਈ ਕੁਝ ਮੁੱਖ ਰੁਕਾਵਟਾਂ ਹਨ ਪਰ ਮੌਜੂਦਾ ਸਥਿਤੀ ਵਿਚ ਭਾਰਤ ਸਰਕਾਰ ਦਾ ਈਥਾਨੌਲ ਪੈਟਰੋਲ ਪ੍ਰੋਗਰਾਮ ਸ਼ੁਰੂ ਹੋਇਆ ਹੈ । ਜਿਸ ਵਿਚ ਮੱਕੀ ਬਾਇਓਇਥੇਨੌਲ ਉਤਪਾਦਨ ਲਈ ਇਕ ਪ੍ਰਮੁੱਖ ਫਸਲ ਵਜੋਂ ਸਾਹਮਣੇ ਆਈ ਹੈ । ਸਰਕਾਰ ਵੱਲੋਂ ਮੱਕੀ ਨੂੰ ਐਮ ਐਸ ਪੀ (2,225 ਰੁਪਏ ਪ੍ਰਤੀ ਕੁਇੰਟਲ) ਤੋਂ ਹੇਠਾਂ ਨਾ ਖਰੀਦਣ ਦਾ ਫੈਸਲਾ ਕੀਤਾ ਹੈ । ਇਹ ਨੀਤੀ ਕਿਸਾਨਾਂ ਨੂੰ ਵਿਕਰੀ ਦੌਰਾਨ ਮਾਨਸਿਕ ਅਤੇ ਆਰਥਿਕ ਪਰੇਸ਼ਾਨੀ ਨੂੰ ਰੋਕੇਗੀ, ਉਪਜਾਊ ਜ਼ਮੀਨਾਂ ਤੇ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰੇਗੀ ਅਤੇ ਉੱਚ-ਉਪਜ ਵਾਲੇ ਹਾਈਬ੍ਰਿਡ ਨੂੰ ਉਹਨਾਂ ਦੀ ਉਤਪਾਦਕਤਾ ਸਮਰੱਥਾ ਤੱਕ ਪਹੁੰਚਣ ਦੇ ਯੋਗ ਬਣਾਵੇਗੀ ।



ਪੀ. ਏ. ਯੂ. ਨੇ ਮੱਕੀ ਦੇ ਸੁਧਾਰ ਵਿਚ ਮਹੱਤਵਪੂਰਨ ਕਦਮ ਚੁੱਕੇ ਹਨ, ਪਿਛਲੇ ਪੰਜ ਸਾਲਾਂ ਵਿਚ ਛੇ ਚੰਗਾ ਝਾੜ ਦੇਣ ਵਾਲੇ ਸਾਉਣੀ ਮੱਕੀ ਦੇ ਹਾਈਬ੍ਰਿਡ ਪੀ ਐਮ ਐਚ 14, ਪੀ ਐਮ ਐਚ 13, ਪੀ ਐਮ ਐਚ 11, ਏ ਡੀ ਵੀ 9293, ਡੀ ਕੇ ਸੀ 9144 ਅਤੇ ਬਾਇਓਸੀਡ 9788-ਸਿਫਾਰਿਸ਼ ਕੀਤੇ ਹਨ । ਇਹਨਾਂ ਹਾਈਬ੍ਰਿਡਾਂ ਵਿਚ ਔਸਤਨ 24-25 ਕੁਇੰਟਲ ਪ੍ਰਤੀ ਏਕੜ (ਲਗਭਗ 6 ਟਨ ਪ੍ਰਤੀ ਹੈਕਟੇਅਰ) ਝਾੜ ਪੈਦਾ ਕਰਨ ਦੀ ਸਮਰੱਥਾ ਹੈ । ਬਾਇਓਇਥੇਨੌਲ ਅਤੇ ਹੋਰ ਵਰਤੋਂ ਲਈ ਮੱਕੀ ਦੀ 3.7 ਮਿਲੀਅਨ ਟਨ (ਮੌਜੂਦਾ ਉਤਪਾਦਨ 400,000 ਟਨ) ਤੋਂ ਵੱਧ ਦੀ ਅਨੁਮਾਨਿਤ ਮੰਗ ਨੂੰ ਪੂਰਾ ਕਰਨ ਲਈ, ਪੰਜਾਬ ਨੂੰ ਮੱਕੀ ਦੀ ਕਾਸ਼ਤ ਨੂੰ ਲਗਭਗ ਛੇ ਲੱਖ ਹੈਕਟੇਅਰ ਤੱਕ ਵਧਾਉਣ ਦੀ ਲੋੜ ਹੈ । ਪੀ. ਏ. ਯੂ. ਵੱਲੋਂ 6-7 ਟਨ ਪ੍ਰਤੀ ਹੈਕਟੇਅਰ ਝਾੜ ਦੇਣ ਦੀ ਮੱਕੀ ਦੀਆਂ ਹਾਈਬ੍ਰਿਡਾਂ ਦੀ ਸੰਭਾਵਨਾ ਦੇ ਬਾਵਜੂਦ, ਰਾਜ ਦੀ ਔਸਤ ਉਤਪਾਦਕਤਾ 4.39 ਟਨ ਪ੍ਰਤੀ ਹੈਕਟੇਅਰ (2022-23) ਤੇ ਬਣੀ ਹੋਈ ਹੈ, ਜੋ ਕਿ ਪ੍ਰਤੀ ਹੈਕਟੇਅਰ ਲਗਭਗ 2 ਟਨ ਝਾੜ ਦਾ ਮਹੱਤਵਪੂਰਨ ਪਾੜ ਦਰਸਾਉਂਦੀ ਹੈ । ਖੇਤਾਂ ਵਿਚੋਂ ਪਾਣੀ ਦੇ ਚੰਗੇ ਨਿਕਾਸ ਲਈ ਲੇਜ਼ਰ-ਪੱਧਰ ਵਾਲੇ ਖੇਤ, ਸਿਫਾਰਸ਼ ਕੀਤਾ ਬਿਜਾਈ ਦਾ ਸਮਾਂ (20 ਮਈ ਤੋਂ ਜੂਨ ਦੇ ਅਖੀਰ ਤੱਕ), ਜ਼ਿਆਦਾ ਪਾਣੀ ਖੜੇ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਉੱਚ ਬੈੱਡਾਂ ਤੇ ਬਿਜਾਈ ਅਤੇ ਪ੍ਰਭਾਵੀ ਕੀਟ ਅਤੇ ਰੋਗ ਨਿਯੰਤਰਣ, ਮੱਕੀ ਤੋਂ ਢੁਕਵੇਂ ਝਾੜ ਲਈ ਮਹੱਤਵਪੂਰਨ ਕਦਮ ਹਨ ।

ਇਸ ਬਦਲਾਅ ਸਰਕਾਰੀ ਸੰਸਥਾਵਾਂ, ਉਦਯੋਗਾਂ, ਖੋਜ ਸੰਸਥਾਵਾਂ ਅਤੇ ਕਿਸਾਨਾਂ ਤੋਂ ਇਕ ਜੁੱਟ ਅਤੇ ਦ੍ਰਿੜ ਯਤਨਾਂ ਦੀ ਮੰਗ ਕਰਦਾ ਹੈ । ਜੇਕਰ ਪੰਜਾਬ ਆਪਣੀਆਂ ਡਿਸਟਰਲਰੀਆਂ ਲਈ ਸਥਾਨਕ ਤੌਰ ਤੇ ਮੱਕੀ ਦੇ ਅਨਾਜ ਦੀ ਲੋੜੀਂਦੀ ਮਾਤਰਾ ਅਤੇ ਗੁਣਵੱਤਾ ਪੈਦਾ ਕਰਨ ਵਿਚ ਅਸਫਲ ਰਹਿੰਦਾ ਹੈ, ਤਾਂ ਇਹ ਇਸ ਉਭਰ ਰਹੇ ਮੌਕੇ ਨੂੰ ਗਵਾ ਸਕਦਾ ਹੈ, ਕਿਉਂਕਿ ਡਿਸਟਰਲਰੀਆਂ ਦੂਜੇ ਰਾਜਾਂ ਤੇ ਤਬਦੀਲ ਹੋ ਸਕਦੀਆਂ ਹਨ ।


# ਗਰਮੀਆਂ ਦੀਆਂ ਸਬਜ਼ੀਆਂ ਲਗਾਉਣ ਲਈ ਫਰਵਰੀ ਮਾਰਚ ਢੁੱਕਵਾਂ ਸਮਾਂ



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ) ਪਟਿਆਲਾ ।
ਮੋ : 75080-18903

ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਘਰੇਲੂ ਪੱਧਰ 'ਤੇ ਸਬਜ਼ੀਆਂ ਪੈਦਾ ਕਰਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ । ਜੇਕਰ ਅਸੀਂ ਆਪਣੇ ਪੱਧਰ ਤੇ ਸਬਜ਼ੀਆਂ ਪੈਦਾ ਕਰਦੇ ਹਾਂ ਤਾਂ ਇਸ ਨਾਲ ਸਾਨੂੰ ਆਰਥਿਕ ਤੌਰ 'ਤੇ ਲਾਭ ਤਾਂ ਮਿਲਦਾ ਹੀ ਹੈ ਅਤੇ ਇਸ ਨਾਲ ਸਾਡੀ ਸਿਹਤ ਵੀ ਨਾਮੁਰਾਦ ਬਿਮਾਰੀਆਂ ਤੋਂ ਬਚ ਸਕਦੀ ਹੈ, ਜਿਸ ਕਰਕੇ ਬਿਮਾਰੀਆਂ ਤੇ ਹੋਣ ਵਾਲੇ ਖਰਚੇ ਤੋਂ ਵੀ ਬਚਾਅ ਹੋ ਸਕਦਾ ਹੈ । ਉਪਰਕਤ ਤੋਂ ਬਿਨਾਂ ਸਾਡਾ ਵਿਹਲਾ ਸਮਾਂ ਵੀ ਵਧੀਆ ਤਰੀਕੇ ਨਾਲ ਬਤੀਤ ਹੋ ਸਕੇਗਾ ਅਤੇ ਸਰੀਰਕ ਕਸਰਤ ਵੀ ਹੋਵੇਗੀ । ਵਪਾਰਕ ਪੱਧਰ ਤੇ ਸਬਜ਼ੀਆਂ ਪੈਦਾ ਕਰਨ ਵਾਲੇ ਕਈ ਕਿਸਾਨ ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਪਰੇਅ ਸਬੰਧੀ ਸਿਫਾਰਿਸ਼ਾਂ ਨੂੰ ਅਣਗੌਲਿਆਂ ਕਰਕੇ ਦੁਕਾਨਦਾਰਾਂ ਦੇ ਕਹਿਣ ਅਨੁਸਾਰ ਸਪਰੇਅ ਕਰ ਦਿੰਦੇ ਹਨ, ਜਿਨ੍ਹਾਂ ਦਵਾਈਆਂ ਦਾ Residue effect ਬਹੁਤ ਦੇਰ ਤੱਕ ਰਹਿੰਦਾ ਹੈ ਅਤੇ ਉਹ ਦਵਾਈ ਸਿਫਾਰਿਸ਼ ਵੀ ਨਹੀਂ ਕੀਤੀ ਹੁੰਦੀ ।

ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ੀਅਨ, ਹੈਦਰਾਬਾਦ ਅਨੁਸਾਰ ਹਰੇਕ ਵਿਅਕਤੀ ਨੂੰ ਰੋਜ਼ਾਨਾ 300 ਗ੍ਰਾਮ ਸਬਜ਼ੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਸ ਵਿਚ 120 ਗ੍ਰਾਮ ਪੱਤਿਆਂ ਵਾਲੀਆਂ ਸਬਜ਼ੀਆਂ, 90 ਗ੍ਰਾਮ ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ 90 ਗ੍ਰਾਮ ਹੋਰ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ । ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਗਰਮੀ / ਸਰਦੀ ਦੀਆਂ ਸਬਜ਼ੀ ਮਿੰਨੀ ਕਿੱਟਾਂ ਬਹੁਤ ਹੀ ਵਾਜਿਬ ਰੇਟ 'ਤੇ ਸਪਲਾਈ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ 8-10 ਤਰ੍ਹਾਂ ਦੇ ਬੀਜ ਹੁੰਦੇ ਹਨ । ਇਹ ਬੀਜ 3 ਮਰਲੇ ਰਕਬੇ ਵਿੱਚ ਬੀਜੇ ਜਾ ਸਕਦੇ ਹਨ ਅਤੇ ਪੈਦਾ ਹੋਣ ਵਾਲੀ ਸਬਜ਼ੀ ਘਰ ਦੇ 4-5 ਪਰਿਵਾਰਿਕ ਮੈਂਬਰਾਂ ਲਈ ਕਾਫੀ ਹੁੰਦੀ ਹੈ । ਇਨ੍ਹਾਂ ਸੀਜ਼ਨਲ ਸਬਜ਼ੀਆਂ ਤੋਂ ਅਸੀਂ ਲੋੜ ਅਨੁਸਾਰ ਵਿਟਾਮਿਨ, ਮਿਨਰਲ ਅਤੇ ਐਂਟੀ-ਆਕਸੀਡੈਂਟ ਤੱਤ ਪ੍ਰਾਪਤ ਕਰ ਸਕਦੇ ਹਨ । ਵਧੀਆ ਕੁਆਲਿਟੀ ਦੀ ਸਬਜ਼ੀ ਪੈਦਾ ਕਰਨ ਲਈ 400 ਕਿਲੋਗ੍ਰਾਮ ਗਲੀ-ਸੜੀ ਰੂੜੀ ਦੀ ਖਾਦ/100 ਕਿਲੋਗ੍ਰਾਮ ਗੰਡਿਇਆਂ ਦੀ ਖਾਦ ਪ੍ਰਤੀ 25 ਵਰਗਮੀਟਰ ਵਿਚ ਵਰਤੋਂ ਕਰਨੀ ਚਾਹੀਦੀ ਹੈ । ਨਦੀਨਾਂ ਦੀ ਰੋਕਥਾਮ ਲਈ ਪਰਾਲੀ ਦੀ ਮਲਚਿੰਗ ਕੀਤੀ ਜਾ ਸਕਦੀ ਹੈ, ਜਿਸ ਨਾਲ ਸਬਜ਼ੀਆਂ ਨੂੰ ਘੱਟ ਪਾਣੀ ਦੇਣ ਦੀ ਲੋੜ ਪਵੇਗੀ । ਗਰਮੀ ਦੀਆਂ ਵੱਖ-ਵੱਖ ਸਬਜ਼ੀਆਂ ਬਾਰੇ ਜਾਣਕਾਰੀ ਸਾਰਣੀ-1 ਅਨੁਸਾਰ ਦਿੱਤੀ ਜਾਂਦੀ ਹੈ ।



**ਕੀੜੇ ਮਕੌੜੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਹੇਠ ਲਿਖੇ ਅਨੁਸਾਰ ਆਰਗੈਨਿਕ ਬਚਾਅ ਕੀਤੇ ਜਾ ਸਕਦੇ ਹਨ :**

1. ਹੋ ਸਕੇ ਤਾਂ ਸਬਜ਼ੀਆਂ ਨੈੱਟ ਹਾਊਸ ਵਿਚ ਪੈਦਾ ਕੀਤੀਆਂ ਜਾਣ ।
2. ਚਿੱਟੀ ਮੱਖੀ, ਥਰਿਪ ਅਤੇ ਰਸ-ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ ਪੀਲੇ ਰੰਗ ਦੇ 6"×11" ਸਾਈਜ਼ ਦੇ ਸਟਿਕੀ ਟਰੈਪ ਲਗਾ ਦੇਣੇ ਚਾਹੀਦੇ ਹਨ ।
3. ਵਾਇਰਸ ਦੀਆਂ ਬੀਮਾਰੀਆਂ ਤੋਂ ਬਚਾਅ ਲਈ 1 ਲੀਟਰ ਗਊ-ਮੂਤਰ + 1 ਲਿਟਰ ਦੁੱਧ + 15 ਲੀਟਰ ਪਾਣੀ ਵਿਚ ਪਾ ਕੇ ਸਪਰੇਅ ਕੀਤਾ ਜਾ ਸਕਦਾ ਹੈ ।
4. ਉੱਲੀ ਦੀਆਂ ਬਿਮਾਰੀਆਂ ਤੋਂ ਬਚਾਅ ਲਈ 4 ਦਿਨ ਪੁਰਾਣੀ ਲੱਸੀ, 15 ਲਿਟਰ ਪਾਣੀ ਵਿਚ ਪਾ ਕੇ ਸਪਰੇਅ ਕੀਤੀ ਜਾ ਸਕਦੀ ਹੈ ।
5. ਕੀੜੇ-ਮਕੌੜੇ ਤੋਂ ਬਚਾਅ ਲਈ 2 ਕਿਲੋ ਲਸਣ, 1 ਕਿਲੋ ਅਦਰਕ ਅਤੇ 1 ਕਿਲੋ ਹਰੀ ਮਿਰਚ ਪੀਸ ਕੇ ਅਤੇ ਕੱਪੜ ਛਾਣ ਕਰਕੇ 15 ਲਿਟਰ ਪਾਣੀ ਵਿਚ ਪਾ ਕੇ ਸਪਰੇਅ ਕਰੋ ।
6. ਕੱਦੂ ਜਾਤੀ ਦੇ ਰੈੱਡ ਪੰਪਕਿਨ ਬੀਟਲ ਤੋਂ ਬਚਾਅ ਲਈ 1 ਕਿਲੋ ਸੁਆਹ 20 ਮਿਲੀਲਿਟਰ ਮਿੱਟੀ ਦੇ ਤੇਲ ਵਿਚ ਮਿਕਸ ਕਰਕੇ ਧੂੜ ਦਿਓ ।
7. ਸਿਉਂਕ ਤੋਂ ਬਚਾਅ ਲਈ 20 ਗ੍ਰਾਮ ਹਿੰਗ ਦਾ ਟੁਕੜਾ ਕਪੜੇ ਵਿਚ ਲਪੇਟ ਕੇ ਪਾਣੀ ਵਾਲੀ ਖਾਲ ਵਿਚ ਰੱਖ ਦਿਓ ।
8. ਹੋਰ ਕੀੜੇ-ਮਕੌੜੇ ਤੋਂ ਬਚਾਅ ਲਈ 1 ਕਿਲੋ ਨਿੰਮ ਦੇ ਪੱਤੇ 20 ਲੀਟਰ ਪਾਣੀ ਵਿਚ ਉਬਾਲ ਲਵੋ, ਫਿਰ ਪਾਣੀ ਠੰਡਾ ਹੋਣ ਤੇ 200 ਗ੍ਰਾਮ ਸ਼ੱਕਰ ਪਾ ਦਿਓ ਅਤੇ ਸਪਰੇਅ ਕਰੋ ।

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ / ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਬਾਗਬਾਨੀ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ ।**

| ਲ. ਨੰ. | ਸਬਜ਼ੀ ਦਾ ਨਾਂ | ਬਿਜਾਈ ਦਾ ਸਮਾਂ | ਬੀਜਣ ਦਾ ਫੇਸ | ਬੀਜ ਦੀ ਮਾਤਰਾ ਪ੍ਰਤੀ 25 ਵ. ਮੀ. (1 ਮਰਲਾ) | ਲਾਈਨ ਤੋਂ ਲਾਈਨ ਦਾ ਫਾਸਲਾ | ਪੌਦੇ ਤੋਂ ਪੌਦੇ ਦਾ ਫਾਸਲਾ |
|---|---|---|---|---|---|---|
| 1. | ਲੌਕੀ/ਘੀਆ | ਫਰਵਰੀ-ਮਾਰਚ ਜੂਨ-ਜੁਲਾਈ | ਬੈੱਡ ਤੇ | 12 ਗਰਾਮ | 200-250 ਸੈਂ. ਮੀ. | 45-60 ਸੈਂ. ਮੀ. |
| 2. | ਚੱਪਣ ਕੱਦੂ | ਅੱਧ ਜਨਵਰੀ ਤੋਂ ਮਾਰਚ ਅਕਤੂਬਰ-ਨਵੰਬਰ | ਬੈੱਡ ਤੇ | 12 ਗਰਾਮ | 125 ਸੈਂ. ਮੀ. | 45 ਸੈਂ. ਮੀ. |
| 3. | ਕਾਲੀ ਤੋਰੀ | ਅੱਧ ਫਰਵਰੀ ਤੋਂ ਮਾਰਚ ਅੱਧ ਮਈ-ਜੁਲਾਈ | ਬੈੱਡ ਤੇ | 12 ਗਰਾਮ | 300 ਸੈਂ. ਮੀ. | 90 ਸੈਂ. ਮੀ. |
| 4. | ਖਰਬੂਜ਼ਾ | ਫਰਵਰੀ-ਮਾਰਚ ਜੂਨ-ਜੁਲਾਈ | ਬੈੱਡ ਤੇ | 10 ਗਰਾਮ | 150 ਸੈਂ. ਮੀ. | 45 ਸੈਂ. ਮੀ. |
| 5. | ਕਰੇਲਾ | ਫਰਵਰੀ-ਮਾਰਚ ਜੂਨ-ਜੁਲਾਈ | ਬੈੱਡ ਤੇ | 60 ਗਰਾਮ | 150 ਸੈਂ. ਮੀ. | 45 ਸੈਂ. ਮੀ. |
| 6. | ਲੋਬੀਆ | ਫਰਵਰੀ-ਮਾਰਚ ਜੂਨ-ਜੁਲਾਈ | ਬੈੱਡ ਤੇ | 60 ਗਰਾਮ | 45 ਸੈਂ. ਮੀ. | 15 ਸੈਂ. ਮੀ. |
| 7. | ਭਿੰਡੀ | ਫਰਵਰੀ-ਮਾਰਚ ਜੂਨ-ਜੁਲਾਈ | ਬੈੱਡ ਤੇ | 60 ਗਰਾਮ | 150 ਸੈਂ. ਮੀ. | 15 ਸੈਂ. ਮੀ. |
| 8. | ਤਰ | ਫਰਵਰੀ-ਮਾਰਚ | ਬੈੱਡ ਤੇ | 6 ਗਰਾਮ | 250 ਸੈਂ. ਮੀ. | 60 ਸੈਂ. ਮੀ. |
| 9. | ਖੀਰਾ | ਫਰਵਰੀ-ਮਾਰਚ | ਬੈੱਡ ਤੇ | 6 ਗਰਾਮ | 250 ਸੈਂ. ਮੀ. | 60 ਸੈਂ. ਮੀ. |
| 10. | ਮਿਰਚ | ਫਰਵਰੀ-ਮਾਰਚ (ਪਨੀਰੀ) | ਵੱਟਾਂ ਤੇ | 1.25 ਗਰਾਮ | 75 ਸੈਂ. ਮੀ. | 45 ਸੈਂ. ਮੀ. |
| 11. | ਸ਼ਿਮਲਾ ਮਿਰਚ | ਅੱਧ ਫਰਵਰੀ (ਪਨੀਰੀ) | ਵੱਟਾਂ ਤੇ | 1.25 ਗਰਾਮ | 60 ਸੈਂ. ਮੀ. | 30 ਸੈਂ. ਮੀ. |
| 12. | ਬੈਂਗਣ | ਅੱਧ-ਅਗਸਤ (ਪਨੀਰੀ) | ਵੱਟਾਂ ਤੇ | 2 ਗਰਾਮ | 60 ਸੈਂ. ਮੀ. | 30 ਸੈਂ. ਮੀ. |
| 13. | ਪਿਆਜ਼ | ਅੱਧ ਜੂਨ-ਅਗਸਤ (ਪਨੀਰੀ) | ਬੈੱਡ ਤੇ | 32 ਗਰਾਮ | 15 ਸੈਂ. ਮੀ. | 7.5 ਸੈਂ. ਮੀ. |



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com